Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 264 06/01/2025 www.samajweekly.com samajweekly @samajweekly samajweekly

## ਗੀਤ ਗੁਰੂ ਗੋਬਿੰਦ ਸਿੰਘ ਦਾ

ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ
ਜੀਹਨੂੰ ਪੌਣ ਸਮੇਂ ਦੀ ਗਾਉਂਦੀ ਏ
ਜੀਹਨੂੰ ਤਾਲ ਨਗਾਰੇ ਦਿੰਦੇ ਨੇ
ਜੀਹਦਾ ਚੰਡੀ ਨਾਦ ਵਜਾਉਂਦੀ ਏ

ਮੈਂ ਦਸਮ ਪਿਤਾ ਦੀ ਉਸਤਤ ਹਾਂ
ਜੀਹਨੂੰ ਪਰਮ ਪਿਤਾ ਨੇ ਘੱਲਿਆ ਸੀ
ਜੋ ਆਦਿ ਜੁਗਾਦਿ ਦਾ ਤਪੀਆ ਸੀ
ਜੀਹਨੇ ਹੇਮ 'ਤੇ ਆਸਣ ਮੱਲਿਆ ਸੀ
ਜਿਸ ਧਰਤੀ 'ਤੇ ਉਸ ਨੇ ਜਨਮ ਲਿਆ
ਉਹਨੂੰ ਗੰਗਾ ਪਰਸਣ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਮੈਂ ਉਸ ਸ਼ਮਸ਼ੀਰ ਦੀ ਗਾਥਾ ਹਾਂ
ਜੀਹਨੇ ਜਾਬਰ ਨੂੰ ਲਲਕਾਰਿਆ ਸੀ
ਤੇ ਦੀਨ ਧਰਮ ਇਨਸਾਫ਼ ਲਈ
ਜੀਹਨੇ ਸੀਸ ਪਿਤਾ ਦਾ ਵਾਰਿਆ ਸੀ
ਦਿੱਲੀ ਦੇ ਓਸ ਚੌਰਾਹੇ 'ਚੋਂ
ਲੋਅ ਸਿਦਕ ਸਿਰੜ ਦੀ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਮੈਂ ਉਸ ਮੁਰਸ਼ਦ ਦੀ ਮਹਿਮਾ ਹਾਂ
ਜੋ ਆਪ ਗੁਰੂ ਹੈ ਚੇਲਾ ਵੀ
ਜੋ ਲੋੜ ਪਵੇ ਤਾਂ ਲੜਾ ਸਕਦੈ
ਸਵਾ ਲੱਖ ਦੇ ਨਾਲ ਅਕੇਲਾ ਵੀ
ਜੀਹਦੀ ਪਹੁਲ 'ਚ ਐਸੀ ਸ਼ਕਤੀ ਹੈ
ਚਿੜੀਆਂ ਤੋਂ ਬਾਜ਼ ਤੁੜਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਮੈਂ ਜੱਸ ਹਾਂ ਓਸ ਤੇਜੱਸਵੀ ਦਾ
ਜੋ ਆਲਮ ਫ਼ਾਜ਼ਲ ਦਾਨਾ ਵੀ
ਜੋ ਕਦਰਦਾਨ ਵੀ ਕਲਮਾਂ ਦਾ
ਤੇ ਦੈਵੀ ਗੁਣੀ-ਨਿਧਾਨਾ ਵੀ
ਜੀਹਦੇ ਗਿਆਨ ਮੰਡਲ ਨੂੰ ਦੁਨੀਆਂ ਦੀ
ਦਾਨਾਈ ਸੀਸ ਨਿਵਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....
ਜੀਹਦੀ ਆਭਾ ਦੇ ਲਿਸ਼ਕਾਰੇ ਤੋਂ
ਭੈਭੀਤ ਹਨ੍ਹੇਰੇ ਹੋ ਜਾਂਦੇ
ਉਹਦੀ ਨੂਰ-ਨਦਰ ਜਿਤ ਵੱਲ ਉਠਦੀ
ਪਹੁ ਫੁਟਦੀ ਸਵੇਰੇ ਹੋ ਜਾਂਦੇ
ਕਰੇ ਭਸਮ ਕੁਫ਼ਰ ਦੇ ਕਿਲਿਆਂ ਨੂੰ
ਉਹਦੀ ਤੇਗ ਜਦੋਂ ਲਹਿਰਾਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਜਮਨਾ ਦਾ ਕੰਢਾ ਸਾਖੀ ਹੈ
ਜਦ ਛਿੜਿਆ ਯੁੱਧ ਭੰਗਾਣੀ ਦਾ
ਉਹ ਸੋਨ-ਸੁਨਹਿਰੀ ਪੰਨਾ ਹੈ
ਤਵਾਰੀਖ਼ ਦੀ ਅਮਰ ਕਹਾਣੀ ਦਾ
ਜੀਹਦੇ ਨੂਰੀ ਹਰਫ਼ ਉਠਾਲਦਿਆਂ
ਚਾਨਣ ਦੀ ਅੱਖ ਚੁੰਧਿਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਗਾਥਾ ਸਰਬੰਸ ਦੇ ਦਾਨੀ ਦੀ
ਚਮਕੌਰ ਕਹੇ ਸਰਹੰਦ ਕਹੇ
ਸਿਰ ਦੇ ਕੇ ਸਿਰੜ ਨਿਭਾਉਣਾ ਹੈ
ਉਹ ਮਾਂ ਗੁਜਰੀ ਦਾ ਚੰਦ ਕਹੇ
ਮਾਛੀਵਾੜੇ ਦੇ ਜੰਗਲ ਚੋਂ
ਅਜੇ ਤੀਕ ਏਹੀ ਧੁਨ ਆਉਂਦੀ ਏ
ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ.....

ਇਕ ਲੀਕ ਨੂਰ ਦੀ ਦਿਸਦੀ ਹੈ
ਅਹੁ ਪਟਨੇ ਤੋਂ ਨੰਦੇੜ ਤਾਈਂ
ਇਕ ਤੇਜ ਚੁਣੌਤੀ ਦਿੰਦਾ ਹੈ
ਬੇਦਰਦ ਵਕਤ ਦੇ ਗੇੜ ਤਾਈਂ
ਇਹਨਾਂ ਕਾਲੇ ਬੋਲੇ ਰਾਹਾਂ ਨੂੰ
ਉਹਦੀ ਪੈੜ ਪੈੜ ਰੁਸ਼ਨਾਉਂਦੀ ਏ

ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ...

**ਸੁਖਵਿੰਦਰ ਅੰਮ੍ਰਿਤ**



**ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਜਗਤ ਨੂੰ ਅਦਾਰਾ 'ਸਮਾਜ ਵੀਕਲੀ' ਵਲੋਂ ਲੱਖ-ਲੱਖ ਮੁਬਾਰਕਾਂ**

# ਛੱਤੀਸਗੜ੍ਹ 'ਚ ਨਕਸਲੀਆਂ ਤੇ ਸੁਰੱਖਿਆ ਬਲਾਂ ਵਿਚਕਾਰ ਮੁਕਾਬਲਾ, 4 ਨਕਸਲੀ ਮਾਰੇ ਤੇ ਇਕ ਸਿਪਾਹੀ ਸ਼ਹੀਦ

**ਦਾਂਤੇਵਾੜਾ।** ਛੱਤੀਸਗੜ੍ਹ ਦੇ ਦਾਂਤੇਵਾੜਾ ਅਤੇ ਨਰਾਇਣਪੁਰ ਜ਼ਿਲ੍ਹਿਆਂ ਦੀ ਸਰਹੱਦ 'ਤੇ ਅਬੂਝਮਾੜ ਦੇ ਜੰਗਲ ਵਿਚ ਸਨਿ-ਚਰਵਾਰ ਦੇਰ ਰਾਤ ਪੁਲਿਸ ਅਤੇ ਨਕਸਲੀਆਂ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿਚ ਡੀ.ਆਰ.ਜੀ ਜਵਾਨ ਹੈੱਡ ਕਾਂਸਟੇਬਲ ਸਨੂੰ ਕਾਰਮ ਸ਼ਹੀਦ ਹੋ ਗਿਆ। ਇਸ ਦੇ ਨਾਲ ਹੀ ਜਵਾਨਾਂ ਨੇ 4 ਮਾਓਵਾਦੀਆਂ ਨੂੰ ਵੀ ਮਾਰ ਮੁਕਾਇਆ। ਸ਼ਹੀਦ ਸਨੂੰ ਕਾਰਮ ਇਕ ਆਤਮ ਸਮਰਪਣ ਕੀਤਾ ਨਕਸਲੀ ਸੀ। ਕੁੱਝ ਸਾਲ ਪਹਿਲਾਂ ਉਹ ਨਕਸਲਵਾਦ ਛੱਡ ਕੇ ਪੁਲਿਸ 'ਚ ਭਰਤੀ ਹੋ ਗਿਆ ਸੀ, ਜਿੱਥੇ ਉਹ ਦਾਂਤੇਵਾੜਾ 'ਚ ਤਾਇਨਾਤ ਸੀ। ਤਲਾਸ਼ੀ ਦੌਰਾਨ ਜਵਾਨਾਂ ਨੇ ਮੌਕੇ ਤੋਂ ਸਾਰੇ ਨਕਸਲੀਆਂ ਦੀਆਂ ਲਾਸ਼ਾਂ ਅਤੇ ਏਕੇ 47, ਐਸ.ਐਲ.ਆਰ ਵਰਗੇ ਹਥਿਆਰ ਬਰਾਮਦ ਕੀਤੇ ਹਨ। ਇਸ ਗੱਲ ਦੀ ਪੁਸ਼ਟੀ ਬਸਤਰ ਦੇ ਆਈ.ਜੀ ਸੁੰਦਰਰਾਜ ਪੀ





ਨੇ ਕੀਤੀ ਹੈ। ਦਸਿਆ ਜਾ ਰਿਹਾ ਹੈ ਕਿ ਸਨਿਚਰਵਾਰ ਦੇਰ ਰਾਤ 4 ਜ਼ਿਲ੍ਹਿਆਂ ਦੇ 1 ਹਜ਼ਾਰ ਜਵਾਨਾਂ ਨੇ ਨਕਸਲੀਆਂ ਦੇ ਕੋਰ ਖੇਤਰ ਨੂੰ ਘੇਰ ਲਿਆ ਸੀ। ਦੋਵਾਂ ਪਾਸਿਆਂ ਤੋਂ ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ। ਇਸ ਅਪ੍ਰੇਸ਼ਨ ਵਿਚ ਦਾਂਤੇਵਾੜਾ, ਨਰਾਇਣਪੁਰ, ਕੋਂਡਗਾਉਂ ਅਤੇ ਬਸਤਰ ਜ਼ਿਲ੍ਹਿਆਂ ਤੋਂ ਡੀ.ਆਰ.ਜੀ ਅਤੇ ਐਸ.ਟੀ.ਐਫ਼ ਦੀਆਂ ਟੀਮਾਂ ਭੇਜੀਆਂ ਗਈਆਂ ਸਨ। ਦੋ ਦਿਨ ਪਹਿਲਾਂ ਸੁਰੱਖਿਆ ਬਲਾਂ ਨੇ ਗੜੀਆਬੰਦ ਜ਼ਿਲ੍ਹੇ ਦੇ ਨਕਸਲ ਪ੍ਰਭਾਵਤ ਸੋਰਨਮਲ ਜੰਗਲ ਵਿਚ 3 ਨਕਸਲੀਆਂ ਨੂੰ ਮਾਰ ਮੁਕਾਇਆ ਸੀ। ਡੀ.ਆਰ.ਜੀ (ਜ਼ਿਲ੍ਹਾ ਰਿਜ਼ਰਵ ਗਾਰਡ) ਅਤੇ ਐਸ.ਟੀ.ਐਫ਼ (ਸਪੈਸ਼ਲ ਟਾਸਕ ਫ਼ੋਰਸ) ਦੀਆਂ ਟੀਮਾਂ ਨੇ ਨਕਸਲੀਆਂ ਨੂੰ ਘੇਰ ਲਿਆ ਸੀ। ਉਸ ਸਮੇਂ ਛੱਤੀਸਗੜ੍ਹ ਅਤੇ ਉੜੀਸਾ ਦੇ ਕਰੀਬ 300 ਸੈਨਿਕ ਅਪ੍ਰੇਸ਼ਨ ਵਿਚ ਸ਼ਾਮਲ ਸਨ।

## ਗੁਜਰਾਤ ਦੇ ਪੋਰਬੰਦਰ 'ਚ ਵੱਡਾ ਹਾਦਸਾ, ਕੋਸਟ ਗਾਰਡ ਦਾ ਹੈਲੀਕਾਪਟਰ ਹਾਦਸਾਗ੍ਰਸਤ, 3 ਲੋਕਾਂ ਦੀ ਮੌਤ

**ਗੁਜਰਾਤ।** ਗੁਜਰਾਤ ਦੇ ਪੋਰਬੰਦਰ ਵਿੱਚ ਐਤਵਾਰ ਨੂੰ ਇੱਕ ਵੱਡਾ ਹਾਦਸਾ ਵਾਪਰ ਗਿਆ। ਇੱਥੇ ਕੋਸਟ ਗਾਰਡ ਦੇ ਏਅਰ ਇਨਕਲੇਵ ਵਿੱਚ ਹੈਲੀਕਾਪਟਰ ਕਰੈਸ਼ ਹੋ ਗਿਆ। ਹਾਦਸੇ 'ਚ 3 ਲੋਕਾਂ ਦੀ ਮੌਤ ਹੋ ਗਈ। ਪੋਰਬੰਦਰ ਦੇ ਕੋਸਟ ਗਾਰਡ ਏਅਰ ਇਨਕਲੇਵ ਤੋਂ ਉਡਾਣ ਭਰਦੇ ਸਮੇਂ ਹੈਲੀਕਾਪਟਰ ਵਿਚ ਤਕਨੀਕੀ ਖ਼ਰਾਬੀ ਆ ਗਈ ਤੇ ਉਹ ਹਾਦਸਾਗ੍ਰਸਤ ਹੋ ਗਿਆ। ਉਸ ਸਮੇਂ ਹੈਲੀਕਾਪਟਰ 'ਚ ਦੋ ਪਾਇਲਟਾਂ ਸਮੇਤ ਕੁੱਲ ਪੰਜ ਲੋਕ ਸਵਾਰ ਸਨ।

ਜਾਣਕਾਰੀ ਅਨੁਸਾਰ ਇਸ ਹਾਦਸੇ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਦੋ ਹੋਰ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਘਟਨਾ ਤੋਂ ਬਾਅਦ ਸਬੰਧਤ ਵਿਭਾਗ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹਾਦਸੇ




ਦੇ ਪਿੱਛੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਜੰਮੂ-ਕਸ਼ਮੀਰ ਦੇ ਕਿਸ਼ਤਵਾੜ 'ਚ ਗੱਡੀ ਖੱਡ 'ਚ ਡਿੱਗੀ, ਚਾਰ ਦੀ ਮੌਤ, ਦੋ ਲਾਪਤਾ



**ਜੰਮੂ।** ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ 'ਚ ਇੱਕ ਵਾਹਨ ਹਾਦਸੇ ਦਾ ਸ਼ਿਕਾਰ ਹੋ ਗਿਆ ਅਤੇ ਖੱਡ ਵਿੱਚ ਡਿੱਗ ਗਿਆ। ਇਸ ਹਾਦਸੇ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ 2 ਲੋਕ ਲਾਪਤਾ ਦੱਸੇ ਜਾ ਰਹੇ ਹਨ। ਬਚਾਅ ਕਾਰਜ ਜਾਰੀ ਹੈ। ਇਹ ਹਾਦਸਾ ਜ਼ਿਲ੍ਹੇ ਦੇ ਮੱਸੂ ਪੱਡਰ ਇਲਾਕੇ 'ਚ ਵਾਪਰਿਆ। ਗੱਡੀ ਵਿਚ ਕੁੱਲ ਛੇ ਲੋਕ ਦੱਸੇ ਜਾਂਦੇ ਹਨ। ਚਾਰ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਕਿਸ਼ਤਵਾੜ ਨੇ ਦੋ ਲਾਪਤਾ ਲੋਕਾਂ ਦੀ ਭਾਲ ਲਈ ਬਚਾਅ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਸੂਚਨਾ ਮਿਲਣ 'ਤੇ ਵਿਰੋਧੀ ਧਿਰ ਦੇ ਆਗੂ ਸੁਨੀਲ ਸ਼ਰਮਾ, ਡੀਸੀ ਕਿਸ਼ਤਵਾੜ ਰਾਜੇਸ਼ ਸ਼ਾਵਨ ਅਤੇ ਐਸਡੀਐਮ ਡਾ: ਅਮਿਤ ਭਗਤ ਮੌਕੇ 'ਤੇ ਪੁੱਜੇ। ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਇੱਕ ਪੋਸਟ 'ਚ ਕਿਹਾ ਕਿ ਹੁਣੇ ਹੁਣੇ ਇਹ ਜਾਣਕੇ ਬਹੁਤ ਦੁਖ ਹੋਇਆ ਹੈ ਕਿ ਵਾਹਨ 'ਚ ਯਾਤਰਾ ਕਰ ਰਹੇ ਯਾਤਰੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ । ਚਾਲਕ ਸਮੇਤ ਦੋ ਹੋਰ ਵਿਅਕਤੀਆਂ ਦਾ ਹੁਣ ਤਕ ਪਤਾ ਨਹੀਂ ਚਲ ਸਕਿਆ। ਪਰਿਵਾਰ ਨਾਲ ਮੇਰੀ ਦਿਲੀ ਹਮਦਰਦੀ ਹੈ। ਉਨ੍ਹਾਂ ਨੇ ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਨਾਲ ਗੱਲ ਕਰ ਕੇ ਹਾਦਸੇ ਬਾਰੇ ਜਾਣਕਾਰੀ ਦਿੱਤੀ। ਪੁਲਿਸ ਮ੍ਰਿਤਕਾਂ ਦੀ ਪਛਾਣ ਕਰ ਕੇ ਪਰਿਵਾਰ ਵਾਲਿਆਂ ਨੂੰ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਕਿਸਾਨ ਆਗੂ ਡੱਲੇਵਾਲ ਦੀ ਸਿਹਤ ਵਿਗੜੀ

**ਖਨੌਰੀ।** ਖਨੌਰੀ ਸਰਹੱਦ 'ਤੇ ਸ਼ਨਿੱਚਰਵਾਰ ਨੂੰ ਹੋਈ ਕਿਸਾਨ ਮਹਾਪੰਚਾਇਤ ਦੌਰਾਨ ਸੰਬੋਧਨ ਮਗਰੋਂ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਵਿਗੜ ਗਈ। ਡਾਕਟਰਾਂ ਦੀ ਇੱਕ ਟੀਮ ਉਨ੍ਹਾਂ ਦੀ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਕਿਸਾਨ ਮਹਾਪੰਚਾਇਤ ਨੂੰ 11 ਮਿੰਟ ਤੱਕ ਸੰਬੋਧਨ ਕਰਨ ਮਗਰੋਂ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੀਮ ਬੇਹੋਸ਼ ਹੋ ਗਏ ਅਤੇ ਉਨ੍ਹਾਂ ਨੂੰ ਉਲਟੀ ਆਈ। ਡਾਕਟਰੀ ਟੀਮ ਨੇ ਦੱਸਿਆ ਕਿ ਬਲੱਡ ਪ੍ਰੈਸ਼ਰ ਘਟਣ ਕਾਰਨ ਡੱਲੇਵਾਲ ਨੂੰ ਵਾਪਸ ਟੈਂਟ ਵਿੱਚ ਲਿਆਂਦਾ ਗਿਆ। ਡੱਲੇਵਾਲ ਦੀ ਸਿਹਤ ਸਬੰਧੀ ਸੂਚਨਾ ਮਿਲਦਿਆਂ ਹੀ ਸਾਬਕਾ ਡੀਆਈਜੀ ਨਰਿੰਦਰ ਭਾਰਗਵ ਖਨੌਰੀ ਸਰਹੱਦ 'ਤੇ ਪੁੱਜੇ। ਨਰਿੰਦਰ ਭਾਰਗਵ ਕਿਸਾਨ ਆਗੂ ਨਾਲ ਇਸ ਤੋਂ



ਪਹਿਲਾਂ ਗੱਲਬਾਤ ਕਰਨ ਗਏ ਅਧਿਕਾਰੀਆਂ 'ਚ ਸ਼ਾਮਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਸਿਹਤ ਵਿਭਾਗ ਦੀ ਟੀਮ ਨੂੰ ਵੀ ਤਿਆਰ ਰੱਖਿਆ ਗਿਆ ਹੈ। ਡੱਲੇਵਾਲ ਨੇ ਕਿਸਾਨ ਮਹਾਪੰਚਾਇਤ ਤੋਂ ਪਹਿਲਾਂ ਸ਼ੁੱਕਰਵਾਰ ਸ਼ਾਮ ਨੂੰ ਖ਼ੂਨ, ਪਿਸ਼ਾਬ ਅਤੇ ਈਸੀਜੀ ਟੈਸਟ ਕਰਵਾਉਣ ਲਈ ਸਹਿਮਤੀ ਦਿੱਤੀ ਸੀ। ਰਿਪੋਰਟਾਂ ਤੋਂ ਬਾਅਦ ਹੀ ਉਨ੍ਹਾਂ ਦੀ ਸਿਹਤ ਦੇ ਸਥਿਰ ਹੋਣ ਦੀ ਪੁਸ਼ਟੀ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਦੁਪਹਿਰ 2 ਵਜੇ ਦੇ ਕਰੀਬ ਐਂਬੂਲੈਂਸ 'ਚ ਸਟੇਜ 'ਤੇ ਲਿਜਾਇਆ ਗਿਆ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਘਰ ਦੇ ਬਾਹਰ ਅੱਗ ਸੇਕ ਰਹੇ ਨੌਜਵਾਨ ਨੂੰ ਮਾਰੀਆਂ ਗੋਲੀਆਂ, ਬਾਈਕ 'ਤੇ ਸਵਾਰ 3 ਹਮਲਾਵਰਾਂ ਨੇ ਕੀਤੇ 5 ਰਾਊਂਡ ਫਾਇਰ



**ਗੁਰਦਾਸਪੁਰ।** ਗੁਰਦਾਸਪੁਰ 'ਚ ਤਿੰਨ ਬਾਈਕ ਸਵਾਰਾਂ ਨੇ ਘਰ ਦੇ ਬਾਹਰ ਅੱਗ ਸੇਕ ਰਹੇ ਨੌਜਵਾਨ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਜ਼ਖ਼ਮੀ ਦੀ ਹਾਲਤ ਨੂੰ ਨਾਜ਼ੁਕ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਹੈ, ਇਹ ਘਟਨਾ ਗੁਰਦਾਸਪੁਰ ਦੇ ਕਸਬਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਪਿੰਡ ਮੜ੍ਹਾਏ ਦੀ ਹੈ।

ਜ਼ਖ਼ਮੀ ਗੁਰਸੇਵਕ ਸਿੰਘ ਦੇ ਪਿਤਾ ਨਿਰਮਲ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਗੁਰਸੇਵਕ ਸਿੰਘ (35 ਸਾਲ) ਘਰ ਦੇ ਬਾਹਰ ਅੱਗ ਸੇਕ ਰਿਹਾ ਸੀ ਤਾਂ ਤਿੰਨ ਬਾਈਕ ਸਵਾਰਾਂ ਨੇ ਆ ਕੇ ਉਸ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਉਸ ਦਾ ਲੜਕਾ ਗੰਭੀਰ ਜ਼ਖ਼ਮੀ ਹੋ ਗਿਆ ਙ ਗੁਰਸੇਵਕ ਸਿੰਘ ਨੂੰ ਇੱਕ ਗੋਲੀ ਮੋਢੇ ਅਤੇ ਇੱਕ ਗੋਲੀ ਲੱਤ ਵਿੱਚ ਲੱਗੀ। ਉਸ ਨੇ ਦੱਸਿਆ ਕਿ ਹਮਲਾਵਰਾਂ ਵੱਲੋਂ ਗੋਲੀਆਂ ਚਲਾਉਣ ਤੋਂ ਬਾਅਦ ਉਹ ਮੌਕੇ ਤੋਂ ਘੁੰਮਣ ਕਸਬੇ ਵੱਲ ਭੱਜ ਗਏ। ਜ਼ਖ਼ਮੀ ਨੂੰ ਇਲਾਜ ਲਈ ਅੰਮ੍ਰਿਤਸਰ ਰੈਫ਼ਰ ਕਰ ਦਿੱਤਾ ਗਿਆ ਹੈ। ਪਿਤਾ ਨੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਹਮਲਾਵਰਾਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ। ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਐਸਐਚਓ ਬਿਕਰਮ ਸਿੰਘ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਉਹ ਮੌਕੇ 'ਤੇ ਪੁੱਜੇ। ਹਮਲਾਵਰਾਂ ਨੇ ਪੰਜ ਰਾਊਂਡ ਫ਼ਾਇਰ ਕੀਤੇ, ਜਿਨ੍ਹਾਂ ਵਿੱਚੋਂ ਇੱਕ ਗੁਰਸੇਵਕ ਸਿੰਘ ਦੇ ਮੋਢੇ ਵਿੱਚ ਅਤੇ ਇੱਕ ਲੱਤ ਵਿੱਚ ਲੱਗਿਆ। ਪੁਲਿਸ ਵੱਲੋਂ ਸਾਰੇ ਇਲਾਕੇ ਦੀ ਨਾਕਾਬੰਦੀ ਕਰ ਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਚੌਕਸ ਕਰ ਦਿੱਤਾ ਗਿਆ ਹੈ।

# ਪੰਜਾਬ 'ਚ ਚਾਈਨਾ ਡੋਰ 'ਤੇ ਪੂਰਨ ਪਾਬੰਦੀ, ਹੁਕਮਾਂ ਦੀ ਉਲੰਘਣਾ ਕਰਨ 'ਤੇ 10 ਹਜ਼ਾਰ ਤੋਂ 15 ਲੱਖ ਰੁਪਏ ਤੱਕ ਦਾ ਹੋ ਸਕਦੈ ਜੁਰਮਾਨਾ



**ਚੰਡੀਗੜ੍ਹ।** ਪੰਜਾਬ 'ਚ ਚਾਈਨਾ ਡੋਰ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਹੁਕਮ ਪੰਜਾਬ ਦੇ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਕੀਤੇ ਗਏ ਹਨ। ਇਸ ਸਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਜ਼ਾ ਦੀ ਵਿਵਸਥਾ ਵੀ ਕੀਤੀ ਗਈ ਹੈ। ਦੱਸਿਆ ਗਿਆ ਹੈ ਕਿ ਵਾਤਾਵਰਣ ਐਕਟ, 1986 ਦੀ ਧਾਰਾ 5 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅੱਜ ਯਾਨੀ 5 ਜਨਵਰੀ ਤੋਂ ਨਿਰਦੇਸ਼ ਜਾਰੀ ਕੀਤੇ ਗਏ ਕਿ ਸੂਬੇ ਵਿਚ, ਨਾਈਲੋਨ, ਪਲਾਸਟਿਕ, ਚਾਈਨਾ ਅਤੇ ਕਿਸੇ ਹੋਰ ਸਿੰਥੈਟਿਕ ਸਮੱਗਰੀ ਤੋਂ ਬਣੀ ਪਤੰਗ ਉਡਾਉਣ ਵਾਲੀ ਡੋਰ ਦੇ ਨਿਰਮਾਣ, ਵਿਕਰੀ, ਸਟੋਰੇਜ ਦੀ ਮਨਾਹੀ ਹੈ। ਪੰਜਾਬ ਵਿੱਚ ਚਾਈਨਾ ਡੋਰ ਦੀ ਖਰੀਦ, ਸਪਲਾਈ, ਆਯਾਤ ਅਤੇ ਵਰਤੋਂ 'ਤੇ ਪੂਰਨ ਪਾਬੰਦੀ ਹੋਵੇਗੀ। ਪ੍ਰਦੂਸ਼ਣ ਕੰਟਰੋਲ ਬੋਰਡ ਨੇ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਵਾਤਾਵਰਨ (ਸੁਰੱਖਿਆ) ਐਕਟ, 1986 ਦੇ ਉਪਬੰਧਾਂ ਜਾਂ ਇਸ ਤਹਿਤ ਬਣਾਏ ਗਏ ਨਿਯਮਾਂ ਤਹਿਤ ਜਾਰੀ ਹਦਾਇਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸ 'ਤੇ ਘੱਟੋ-ਘੱਟ 10,000 ਰੁਪਏ ਦਾ ਜੁਰਮਾਨਾ ਲਗਾਇਆ ਜਾਵੇਗਾ, ਜੁਰਮਾਨੇ ਨੂੰ ਵਧਾ ਕੇ 15,000 ਲੱਖ ਰੁਪਏ ਕੀਤਾ ਜਾ ਸਕਦਾ ਹੈ। ਵਿਭਾਗ ਨੇ ਸੂਬੇ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਪਤੰਗ ਉਡਾਉਣ ਲਈ ਪਾਬੰਦੀਸ਼ੁਦਾ ਚਾਈਨਾ, ਨਾਈਲੋਨ ਅਤੇ ਸਿੰਥੈਟਿਕ ਡੋਰ ਦੀ ਵਰਤੋਂ ਨਾ ਕਰ ਕੇ ਸਰਕਾਰ ਦੇ ਇਸ ਨੇਕ ਕੰਮ ਵਿਚ ਸਹਿਯੋਗ ਕਰਨ। ਵਿਭਾਗ ਨੇ ਇਹ ਵੀ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਚਾਈਨਾ ਡੋਰ ਫੜਾਉਂਦਾ ਹੈ ਤਾਂ ਉਸ ਨੂੰ ਇਨਾਮ ਦਿੱਤਾ ਜਾਵੇਗਾ।

# ਸਰਕਾਰੀ ਬੱਸਾਂ ਵਿਚ ਸਫ਼ਰ ਕਰਨ ਵਾਲਿਆਂ ਲਈ ਜ਼ਰੂਰੀ ਖ਼ਬਰ, ਭਲਕੇ ਤੋਂ ਪੰਜਾਬ 'ਚ ਨਹੀਂ ਚੱਲਣਗੀਆਂ ਸਰਕਾਰੀ ਬੱਸਾਂ




**ਚੰਡੀਗੜ੍ਹ ।** ਪੰਜਾਬ ਵਿਚ 3 ਦਿਨਾਂ ਲਈ ਸਰਕਾਰੀ ਬਸਾਂ ਦਾ ਚੱਕਾ ਜਾਮ ਰਹੇਗਾ। 6, 7 ਅਤੇ 8 ਜਨਵਰੀ ਨੂੰ ਸੂਬੇ ਵਿਚ ਪੀਆਰਟੀਸੀ ਅਤੇ ਪਨਬਸ ਬਸਾਂ ਨਹੀਂ ਚੱਲਣਗੀਆਂ। ਆਪਣੀਆਂ ਮੰਗਾਂ ਨੂੰ ਲੈ ਕੇ ਪੀ.ਆਰ.ਟੀ.ਸੀ. ਅਤੇ ਪਨਬਸ ਮੁਲਾਜ਼ਮ ਯੂਨੀਅਨ ਨੇ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਸਾਹਮਣੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਕਰ ਕੇ 6 ਜਨਵਰੀ ਤੋਂ ਲੈ ਕੇ 8 ਜਨਵਰੀ ਤਕ ਸਰਕਾਰੀ ਬਸਾਂ ਵਿਚ ਸਫ਼ਰ ਕਰਨ ਵਾਲਿਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਸੀਂ ਰੋਜ਼ਾਨਾ ਹੀ ਕੰਮਕਾਜ 'ਤੇ ਜਾਣ ਲਈ ਸਰਕਾਰੀ ਬੱਸ ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਲਈ ਇਹ ਖ਼ਬਰ ਜ਼ਰੂਰੀ ਹੈ। 6, 7 ਅਤੇ 8 ਜਨਵਰੀ ਨੂੰ ਸਰਕਾਰੀ ਬਸਾਂ ਵਿਚ ਸਫ਼ਰ ਕਰਨ ਲਈ ਪ੍ਰੇਸ਼ਾਨੀ ਝੱਲਣੀ ਪੈ ਸਕਦੀ ਹੈ। ਕਿਉਂਕਿ ਇਨ੍ਹਾਂ ਤਰੀਕਾਂ ਨੂੰ ਬੱਸ ਨਹੀਂ ਚੱਲਣਗੀਆਂ।




# ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ-ਕੀਰਤਨ ਸਜਾਇਆ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ. )** ਦਸਮੇਸ਼ ਪਿਤਾ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਅਕਾਲ ਸਾਹਿਬ, ਪ੍ਰਤਾਪ ਨਗਰ, ਗਲੀ ਨੰ: 1 ਤੋਂ ਵਿਸ਼ਾਲ ਨਗਰ-ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ- ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਗਿਆ ਜੋ ਗੁਰਦੁਆਰਾ ਸਾਹਿਬ ਤੋਂ ਆਰੰਭ ਹੋ ਕੇ ਨਜ਼ਦੀਕ ਦੇ ਇਲਾਕਿਆਂ ਵਿੱਚੋਂ ਦੀ ਹੁੰਦਾ ਹੋਇਆ ਗੁਰਦੁਆਰਾ ਸਾਹਿਬ ਪਹੁੰਚ ਕੇ ਸਮਾਪਤ ਹੋਇਆ । ਨਗਰ- ਕੀਰਤਨ ਵਿੱਚ ਸਕੂਲੀ ਬੱਚਿਆਂ, ਬੈਂਡ ਬਾਜਿਆਂ, ਗੱਤਕਾ ਪਾਰਟੀਆਂ, ਸ਼ਬਦੀ ਜੱਥਿਆਂ ਤੋਂ ਇਲਾਵਾ ਧਾਰਮਿਕ, ਸਮਾਜਿਕ, ਸਮਾਜ-ਸੇਵੀ ਜੱਥੇਬੰਦੀਆਂ ਦੇ ਆਗੂਆਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਵੀ ਸਿਰਕਤ ਕੀਤੀ। ਨਗਰ-ਕੀਰਤਨ ਦੇ ਰਸਤੇ ਵਿੱਚ ਸਜਾਵਟੀ ਗੇਟ, ਚਾਹ, ਪਕੌੜਿਆਂ, ਬਿਸਕੁਟ, ਫਲ ਆਦਿ ਦੇ ਲੰਗਰ ਲਗਾਉਣ ਵਾਲਿਆਂ ਨੂੰ ਨਗਰ-ਕੀਰਤਨ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕੀਤੇ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁੰਦਨ ਸਿੰਘ ਨਾਗੀ, ਚੇਅਰਮੈਨ ਹਰਜਿੰਦਰ ਸਿੰਘ ਸੰਧੂ, ਕੌਂਸਲਰ ਸੋਹਣ ਸਿੰਘ ਗੋਗਾ ਨੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਸਾਬਕਾ ਕੌਂਸਲਰ ਪਰਮਿੰਦਰ ਸਿੰਘ ਸੋਮਾ ਨਰਿੰਦਰ ਸਿੰਘ ਉੱਭੀ, ਹਰਪਾਲ ਸਿੰਘ, ਸੁਖਵਿੰਦਰ ਸਿੰਘ ਦਹੇਲਾ, ਜੋਗਾ ਸਿੰਘ, ਜਸਪਾਲ ਸਿੰਘ ਸੰਗੀਤ ਸਿਨੇਮਾ ਵਾਲੇ, ਦਰਸਨ ਸਿੰਘ ਚਾਨੀ, ਗੁਰਵਿੰਦਰ ਸਿੰਘ ਗਿੰਦਾ, ਹਰੀ ਸਿੰਘ, ਪਰਮਿੰਦਰ ਸਿੰਘ ਘਟੌੜੇ, ਹਰਜੀਤ ਸਿੰਘ ਖਟੜਾ, ਕੁਲਵਿੰਦਰ ਸਿੰਘ ਭੰਵਰਾ, ਆਕਾਸ਼ ਵਰਮਾ, ਗੁਰਦੀਪ ਸਿੰਘ ਬਿਰਦੀ, ਬਲਵੀਰ ਸਿੰਘ ਸੌਂਦ, ਅਵਤਾਰ ਸਿੰਘ ਘੜਿਆਲ, ਜਸਪਾਲ ਸਿੰਘ ਔਲਖ, ਬੀਬੀ ਮਨਜੀਤ ਕੌਰ, ਹਰਭਜਨ ਕੌਰ, ਸੁਰਜੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਨਗਰ- ਕੀਰਤਨ ਦੇ ਰਸਤੇ ਵਿਚ ਸਤਿਨਾਮ-ਵਾਹਿਗੁਰੂ ਦਾ ਜਾਪ ਕੀਤਾ।



**ਨਗਰ ਕੀਰਤਨ ਦੀ ਆਰੰਭਤਾ ਸਮੇਂ ਪੰਜ ਪਿਆਰੇ, ਪ੍ਰਧਾਨ ਕੁੰਦਨ ਸਿੰਘ ਨਾਗੀ, ਹਰਜਿੰਦਰ ਸਿੰਘ ਸੰਧੂ ਤੇ ਹੋਰ।**

# ਪੱਤਰਕਾਰ ਜਰਨੈਲ ਸਿੰਘ ਸਨੌਲੀ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ

## *ਸ਼ਰੀਫ਼ ਤੇ ਇਮਾਨਦਾਰੀ ਦੀ ਮੂਰਤ ਸਨ ਜਰਨੈਲ ਸਿੰਘ : ਐਨ.ਕੇ. ਸ਼ਰਮਾ







**ਪੱਤਰਕਾਰ ਜਰਨੈਲ ਸਿੰਘ ਸਨੌਲੀ ਦੀ ਅੰਤਿਮ ਅਰਦਾਸ ਮੌਕੇ ਸਾਬਕਾ ਵਿਧਾਇਕ ਐਨ ਕੇ ਸ਼ਰਮਾ।**

**ਡੇਰਾਬਸੀ/-ਸੰਜੀਵ ਸਿੰਘ ਸੈਣੀ** ਡੇਰਾਬਸੀ ਹਲਕੇ ਵਿੱਚ ਪਿਛਲੇ ਕਰੀਬ ਡੇਢ ਦਹਾਕੇ ਤੋਂ ਪੰਜਾਬੀ ਅਖ਼ਬਾਰਾਂ ਲਈ ਪੱਤਰਕਾਰੀ ਕਰ ਰਹੇ ਜਰਨੈਲ ਸਿੰਘ ਜੋ ਬੀਤੇ ਦਿਨੀਂ 48 ਸਾਲ ਦੀ ਉਮਰ ਭੋਗ ਕੇ ਸ਼ਰੀਰਕ ਤੌਰ ਤੇ ਵਿਛੋੜਾ ਦੇ ਗਏ ਸਨ ਨਮਿੱਤ ਅੰਤਿਮ ਅਰਦਾਸ ਅੱਜ ਉਨ੍ਹਾਂ ਦੇ ਜੱਦੀ ਪਿੰਡ ਸਨੌਲੀ ਦੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਹੋਈ ਜਿਥੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂਆਂ ਸਮੇਤ ਵੱਡੀ ਗਿਣਤੀ ਲੋਕਾਂ ਨੇ ਹਾਜ਼ਰੀ ਭਰਦਿਆਂ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਸਹਿਜ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

ਇਸ ਮੌਕੇ ਬੋਲਦਿਆਂ ਸਾਬਕਾ ਵਿਧਾਇਕ ਐਨ. ਕੇ. ਸ਼ਰਮਾ ਨੇ ਬੋਲਦਿਆਂ ਕਿਹਾ ਕਿ ਜਰਨੈਲ ਸਿੰਘ ਬੇਹੱਦ ਸ਼ਰੀਫ਼, ਇਮਾਨਦਾਰ ਅਤੇ ਮਿਲਣਸਾਰ ਇਨਸਾਨ ਸੀ, ਜਿਸਦੀ ਬੇਵਕਤੀ ਮੌਤ ਹੋਣ ਨਾਲ ਉਨ੍ਹਾਂ ਨੂੰ ਨਿੱਜੀ ਤੌਰ ਤੇ ਘਾਟਾ ਪਿਆ ਹੈ। ਉਹ ਹਰ ਕਲਾ ਵਿੱਚ ਨਿਪੁੰਨ ਸੀ। ਸ੍ਰੀ ਐਨ.ਕੇ. ਸ਼ਰਮਾ ਨੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਭਰੋਸਾ ਦਿਵਾਇਆ ਕਿ ਜਰਨੈਲ ਸਿੰਘ ਦੀਆਂ ਤਿੰਨੋਂ ਧੀਆਂ ਨੂੰ ਵਧੀਆ ਸਕੂਲਾਂ ਵਿੱਚੋਂ ਮਿਆਰੀ ਸਿੱਖਿਆ ਪ੍ਰਦਾਨ ਕਰਵਾਈ ਜਾਵੇਗੀ ਤਾਂ ਜੋ ਉਹ ਆਪਣੇ ਪੈਰਾਂ ਤੇ ਖੜੀਆਂ ਹੋ ਸਕਣ। ਉਨ੍ਹਾਂ ਨੇ ਹਰ ਸੰਭਵ ਮਦਦ ਦਾ ਭਰੋਸਾ ਦਿਵਾਉਂਦਿਆਂ ਕਿਹਾ ਕਿ ਪਰਿਵਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਐਨ.ਕੇ. ਸ਼ਰਮਾ ਨੇ ਪਰਿਵਾਰ ਵੱਲੋਂ ਆਈ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਅਕਾਲੀ ਆਗੂ ਕੇ ਪੀ ਸ਼ਰਮਾ, ਪ੍ਰੈੱਸ ਕਲੱਬ ਸਬ-ਡਵੀਜ਼ਨ ਡੇਰਾਬਸੀ ਦੇ ਪ੍ਰਧਾਨ ਹਰਜੀਤ ਸਿੰਘ ਲੱਕੀ, ਪ੍ਰੈੱਸ ਕਲੱਬ ਡੇਰਾਬੱਸੀ ਦੇ ਸਾਬਕਾ ਪ੍ਰਧਾਨ ਕਰਮ ਸਿੰਘ, ਭਾਜਪਾ ਆਗੂ ਮਨਪ੍ਰੀਤ ਸਿੰਘ ਬੰਨੀ ਸੰਧੂ, ਸਰਪੰਚ ਜਸਪਾਲ ਸਿੰਘ ਜ਼ੀਰਕਪੁਰ, ਸਰਕਲ ਪ੍ਰਧਾਨ ਜਥੇਦਾਰ ਰਾਜਿੰਦਰ ਸਿੰਘ ਈਸਾਪੁਰ, ਭਾਜਪਾ ਦੇ ਸੂਬਾ ਵਾਈਸ ਪ੍ਰਧਾਨ ਰਵਿੰਦਰ ਵੈਸ਼ਨਵ, ਜਥੇਦਾਰ ਅਮਰੀਕ ਸਿੰਘ ਮਲਕਪੁਰ, ਰਾਹੁਲ ਕੌਸ਼ਿਕ ਮੁਬਾਰਿਕਪੁਰ, ਅਮਰਿੰਦਰ ਸਿੰਘ ਰਾਜੂ ਡੇਰਾਬਸੀ, ਰਣਜੀਤ ਸਿੰਘ ਰੈਡੀ ਕਾਰਕੌਰ ਸਾਬਕਾ ਪ੍ਰਧਾਨ ਨਗਰ ਕੌਂਸਲ, ਚੋਪੜਾ ਅਸਟੇਟ ਤੋਂ ਬਿਮਲ ਚੋਪੜਾ, ਸੀਨੀਅਰ ਪੱਤਰਕਾਰ ਮਨੋਜ ਰਾਜਪੂਤ, ਰਣਬੀਰ ਸਿੰਘ ਸੈਣੀ, ਸੁਖਵਿੰਦਰ ਸਿੰਘ ਸੈਣੀ ਜ਼ੀਰਕਪੁਰ, ਜਗਜੀਤ ਸਿੰਘ ਕਲੇਰ, ਸੁਖਵਿੰਦਰ ਸਿੰਘ ਸੈਣੀ ਡੇਰਾਬੱਸੀ, ਅਨਿਲ ਸ਼ਰਮਾ ਡੇਰਾਬਸੀ, ਉਜੱਵਲ ਸ਼ਰਮਾ, ਰਵੀ ਭਾਂਖਰਪੁਰ, ਡਾ. ਅੰਬੇਡਕਰ ਇੰਸਟੀਚਿਊਟ ਮੋਹਾਲੀ ਦੇ ਪ੍ਰਧਾਨ ਤੇਜਿੰਦਰ ਸਿੰਘ,ਜਸਵਿੰਦਰ ਕੌਰ ਸ਼ੇਖਪੁਰ ਕਲਾਂ, ਸਮੇਤ ਵੱਡੀ ਗਿਣਤੀ ਲੋਕਾਂ ਨੇ ਸ਼ਿਰਕਤ ਕਰਦਿਆਂ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਆਗੂਆਂ ਵੱਲੋਂ ਸ਼ੋਕ ਸੰਦੇਸ਼ ਵੀ ਭੇਜੇ ਗਏ। ਇਸ ਮੌਕੇ ਪ੍ਰੈੱਸ ਕਲੱਬ ਸਬ ਡਵੀਜ਼ਨ ਡੇਰਾਬਸੀ, ਲਾਇਨਜ਼ ਕਲੱਬ ਡੇਰਾਬੱਸੀ ਅਤੇ ਡਾਕਟਰ ਅੰਬੇਡਕਰ ਇੰਸਟੀਚਿਊਟ ਮੋਹਾਲੀ ਵੱਲੋਂ ਪਰਿਵਾਰ ਨੂੰ ਮਾਲੀ ਸਹਾਇਤਾ ਵੀ ਦਿੱਤੀ ਗਈ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵਲੋਂ ਲਾਇਸੈਂਸ ਅਤੇ ਰਜਿਸਟ੍ਰੇਸ਼ਨ ਲਈ ਕੈਂਪ ਲਗਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਾਣਯੋਗ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਪੰਜਾਬ ਡਾ. ਅਭਿਨਵ ਤ੍ਰਿਖਾ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁਹਿੰਮ ਸਿਹਤਮੰਦ ਪੰਜਾਬ ਤਹਿਤ ਜਿਲੇ ਵਿੱਚ ਲੋਕਾਂ ਨੂੰ ਸਾਫ ਅਤੇ ਮਿਆਰੀ ਖਾਧ ਪਦਾਰਥ ਮੁਹੱਈਆ ਕਰਵਾਉਣ ਲਈ ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਵੱਲੋ ਲੋਕਾਂ ਨੂੰ ਜਾਗਰੂਕ ਕਰਨ ਦੇ ਸਾਰਥਕ ਯਤਨ ਕੀਤੇ ਜਾਂਦੇ ਹਨ। ਇਸ ਦੇ ਤਹਿਤ ਅੱਜ ਫੂਡ ਸੇਫਟੀ ਅਫ਼ਸਰ ਸ੍ਰੀ ਮੁਨੀਸ਼ ਸੋਢੀ ਦੀ ਅਗਵਾਈ ਹੇਠ ਤਲਵਾੜਾ ਦੇ ਨੇੜਲੇ ਪਿੰਡ ਅਮਰੋਹ ਵਿਖੇ ਦੁਕਾਨਦਾਰਾਂ ਲਈ ਰਜਿਸਟ੍ਰੇਸ਼ਨ ਅਤੇ ਲਾਇਸੈਂਸ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ। ਜਿਸ ਵਿੱਚ ਨੇੜੇ ਦੇ ਪਿੰਡਾਂ ਦੇ 28 ਦੇ ਕਰੀਬ



ਉਹਨਾਂ ਦੁਕਾਨਦਾਰਾਂ ਨੇ ਹਿੱਸਾ ਲਿਆ ਜਿਹੜੇ ਖਾਣ ਪੀਣ ਦੀਆਂ ਚੀਜ਼ਾਂ ਵੇਚਣ ਦਾ ਕੰਮ ਕਰਦੇ ਹਨ। ਉਹਨਾਂ ਨੂੰ ਵਿਭਾਗੀ ਨਿਯਮਾਂ ਦੀ ਜਾਣਕਾਰੀ ਦਿੰਦਿਆ ਮੌਕੇ ਤੇ ਹੀ ਉਹਨਾਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਅਤੇ ਲਾਇਸੈਂਸ ਬਣਾਏ ਗਏ। ਫੂਡ ਸੇਫਟੀ ਅਫ਼ਸਰ ਮੁਨੀਸ਼ ਸੋਢੀ ਨੇ ਦੁਕਾਨਦਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕੋਈ ਵੀ ਮਿਆਦ ਪੁਗਾ ਚੁੱਕੀਆਂ ਖਾਣ-ਪੀਣ ਵਾਲੀਆਂ ਵਸਤੂਆਂ ਨੂੰ ਨਾ ਵੇਚਣ, ਸਗੋਂ ਅਜਿਹੀਆਂ ਵਸਤੂਆਂ ਨੂੰ ਤੁਰੰਤ ਨਸ਼ਟ ਕਰਨ ਤਾਂ ਜੋ ਕਿਸੇ ਵੀ ਵਿਅਕਤੀ ਦੀ ਸਿਹਤ ਨਾਲ ਖਿਲਵਾੜ ਨਾ ਹੋਵੇ। ਜੇਕਰ ਕੋਈ ਦੁਕਾਨਦਾਰ ਮਿਆਦ ਪੁੱਗ ਚੁੱਕੀਆਂ ਵਸਤੂਆਂ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਨਿਯਮਾਂ ਤਹਿਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐੱਲ.ਟੀ. ਰਾਜਵੀਰ ਕੌਰ, ਅਰਵਿੰਦਰਜੀਤ ਸਿੰਘ ਅਤੇ ਨਰੇਸ਼ ਕੁਮਾਰ ਹਾਜ਼ਰ ਸਨ ।

# ਬਸਪਾ ਵਰਕਰ ਮਲਕੀਤ ਸਿੰਘ ਮੁਕੰਦਪੁਰ ਜੀ ਸਾਡੇ ਵਿੱਚ ਇਸ ਤਰ੍ਹਾਂ ਦੇ ਕੰਮ ਕਰ ਗਏ ਜੋ ਹਮੇਸ਼ਾ ਯਾਦ ਕੀਤੇ ਜਾਣਗੇ

**ਬੰਗਾ( ਚਰਨਜੀਤ ਸੱਲ੍ਹਾ )** ਅੱਜ ਭਾਵੇਂ ਸਰੀਰਕ ਪੱਖੋਂ ਬਸਪਾ ਵਰਕਰ ਮਲਕੀਤ ਸਿੰਘ ਮੁਕੰਦਪੁਰ ਜੀ ਸਾਡੇ ਵਿਚਕਾਰ ਨਹੀਂ ਰਹੇ ਪਰ ਉਹ ਇਸ ਤਰ੍ਹਾਂ ਦਾ ਮਿਸ਼ਨ ਲਈ ਕੰਮ ਕਰਕੇ ਗਏ ਹਨ ਕਿ ਕਦੇ ਵੀ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਆਪਣੇ ਘਰ ਵਾਸਤੇ ਤਾਂ ਹਰ ਕੋਈ ਆਪਣੇ ਬੱਚਿਆਂ ਲਈ ਤਾਂ ਮਿਹਨਤ ਕਰਦਾ ਹੀ ਹੈ।ਪਰ ਇਸ ਵਰਕਰ ਨੇ ਜਿਸ ਤਰਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਹਿੰਦੇ ਹੁੰਦੇ ਸਨ ਕਿ ਜੇਕਰ ਜੀਣਾ ਹੈ ਤਾਂ ਸ਼ੇਰ ਬਣਕੇ ਜੀਓ ਕਿਸੇ ਤੋਂ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਜਿਸ ਦੀ ਮਲਕੀਅਤ ਸਿੰਘ ਮੁਕੰਦਪੁਰ ਵਾਲੇ ਤੁਹਾਡੇ ਸਾਹਮਣੇ ਮਿਸਾਲ ਸੀ ਇਸ ਲਈ ਤਾਂ ਉਨ੍ਹਾਂ ਦੇ ਸੰਸਕਾਰ ਸਮੇਂ ਨਾਅਰੇਬਾਜ਼ੀ ਵੀ ਕੀਤੀ ਕਿ ਜਬ ਤੱਕ ਸੂਰਜ ਚਾਂਦ ਰਹੇਗਾ ਮਲਕੀਅਤ ਸਿੰਘ ਤੁਹਾਡਾ ਨਾਮ ਰਹੇਗਾ। ਇਸ ਮੌਕੇ ਤੇ ਪ੍ਰਵੀਨ ਬੰਗਾ ਇੰਚਾਰਜ ਹਲਕਾ ਆਨੰਦਪੁਰ ਸਾਹਿਬ, ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਜਨਰਲ ਸਕੱਤਰ ਬਸਪਾ ਬੰਗਾ, ਵਿਜੇ ਮਜਾਰੀ ਸਾਬਕਾ ਪ੍ਰਧਾਨ ਬਸਪਾ ਬੰਗਾ, ਪਰਮਜੀਤ ਮਹਿਰਮਪੁਰੀ ਬਸਪਾ ਆਗੂ, ਜਸਵੰਤ ਕਟਾਰੀਆ ਬਸਪਾ ਵਰਕਰ,ਡਾ ਨਰਿੰਜਨ ਪਾਲ ਸਾਬਕਾ ਐਸ ਐਮ ਓ,ਸੁਰਿੰਦਰ ਸਿੰਘ ਛਿੰਦਾ ਬਸਪਾ ਵਰਕਰ, ਸੁਰਜੀਤ ਸਿੰਘ ਰੱਲ ਬਸਪਾ ਵਰਕਰ, ਮਨਹੋਰ ਲਾਲ ਕਮਾਮ ਸਾਬਕਾ ਜਿਲਾ ਪ੍ਰਧਾਨ,ਜੈ ਪਾਲ ਸੁੰਡਾਂ ਸਾਬਕਾ ਪ੍ਰਧਾਨ ਬਸਪਾ, ਸੋਹਣ ਲਾਲ ਰਾਟੈਂਡਾ, ਸੁਰਿੰਦਰ ਮੰਡੇਰਾ,ਰਾਹੁਲ ਮੁਕੰਦਪੁਰ ਬਸਪਾ ਦੇ ਬਹੁਤ ਸਾਰੇ ਵਰਕਰ ਆਏ ਹੋਏ ਸਨ ਅਤੇ ਸਾਕ ਸਬੰਧੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ



# ਸਰਬੱਤ ਦਾ ਭਲਾ ਟਰੱਸਟ ਵੱਲੋਂ 'ਸੰਨੀ ਓਬਰਾਏ ਯੋਜਨਾ' ਤਹਿਤ ਇੱਕ ਹੋਰ ਮਕਾਨ ਦੀ ਉਸਾਰੀ ਸ਼ੁਰੂ

**ਰੋਪੜ (ਗੁਰਬਿੰਦਰ ਸਿੰਘ ਰੋਮੀ):** ਨਵੇਂ ਸਾਲ ਦੀ ਸ਼ੁਰੂਆਤ ਮੌਕੇ ਡਾ. ਐੱਸ.ਪੀ. ਸਿੰਘ ਓਬਰਾਏ ਦੁਆਰਾ ਸਥਾਪਤ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਵਲੋਂ 'ਸੰਨੀ ਓਬਰਾਏ ਆਵਾਸ ਯੋਜਨਾ' ਤਹਿਤ ਅੱਜ ਰੋਪੜ ਵਿਖੇ ਇੱਕ ਹੋਰ ਮਕਾਨ ਦਾ ਸ਼ੁਭ ਆਰੰਭ ਕੀਤਾ ਗਿਆ। ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਜੇ. ਕੇ. ਜੱਗੀ ਨੇ ਦੱਸਿਆ ਕਿ ਚੋਆ ਮੁਹੱਲਾ ਦੇ ਵਸਨੀਕ ਮਦਨ ਲਾਲ ਦੇ ਮਕਾਨ ਦਾ ਨੀਂਹ ਪੱਥਰ ਬੀਰ ਦਵਿੰਦਰ ਸਿੰਘ (ਐਕਸੀਅਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ) ਨੇ ਬਤੌਰ ਮੁੱਖ ਮਹਿਮਾਨ ਆਪਣੇ ਕਰ ਕਮਲਾਂ ਨਾਲ ਰੱਖਿਆ। ਜਿਕਰਯੋਗ ਹੈ ਕਿ ਟਰੱਸਟ ਵੱਲੋਂ ਲੋੜਵੰਦਾਂ ਲਈ ਕੁੱਲ 19 ਮਕਾਨਾਂ ਦੀ ਉਸਾਰੀ ਕਰਵਾਈ ਗਈ ਹੈ। ਜਿਨ੍ਹਾਂ ਵਿਚੋਂ 16 ਮਕਾਨਾਂ ਦੀ ਉਸਾਰੀ ਕਰਕੇ ਚਾਬੀਆਂ



ਪਰਿਵਾਰਾਂ ਦੇ ਸਪੁਰਦ ਕਰ ਦਿੱਤੇ ਗਏ ਹਨ। ਦੋ ਦੀ ਉਸਾਰੀ ਜਗਜੀਤ ਸਿੰਘ (ਰੋਪੜ) ਅਤੇ ਹਰਬੰਸ ਕੌਰ (ਖੁਆਸਪੁਰਾ) ਦੇ ਪਰਿਵਾਰਾਂ ਲਈ ਮੁਕੰਮਲ ਹੋ ਚੁੱਕੀ ਹੈ। ਜਿੰਨ੍ਹਾ ਨੂੰ ਸ. ਓਬਰਾਏ ਜਲਦ ਹੀ ਖੁਦ ਮਕਾਨਾਂ ਦੀਆਂ



ਚਾਬੀਆਂ ਸੌਂਪਣਗੇ। ਇਸ ਮੌਕੇ ਮੁਹੱਲਾ ਨਿਵਾਸੀ, ਅਸ਼ਵਨੀ ਖੰਨਾ, ਮਦਨ ਗੁਪਤਾ, ਇੰਦਰਜੀਤ, ਸੁਖਦੇਵ ਸ਼ਰਮਾ, ਜਗਜੀਤ ਸਿੰਘ, ਰਾਜੇਸ਼ ਕੁਮਾਰ, ਟੀਮ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਸਤਰੰਗ ਇੰਟਰਟੇਨਰਸ ਵਲੋਂ ਫ਼ਿਲਮ 'ਰਿਸ਼ਤੇ ਨਾਤੇ' ਦਾ ਪੋਸਟਰ ਰਿਲੀਜ਼

ਸਤਰੰਗ ਇੰਟਰਟੇਨਰਸ ਵਲੋਂ ਹਾਲ ਹੀ ਵਿੱਚ ਆਪਣੀ ਪਹਿਲੀ ਵੱਡੇ ਪਰਦੇ ਦੀ ਫ਼ਿਲਮ 'ਰਿਸ਼ਤੇ ਨਾਤੇ' ਦਾ ਪੋਸਟਰ ਸ਼ਾਨਦਾਰ ਤਰੀਕੇ ਨਾਲ ਚੰਡੀਗੜ੍ਹ 'ਚ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਫ਼ਿਲਮ ਦੇ ਪ੍ਰੋਡਿਊਸਰ ਕਸ਼ਮੀਰ ਸਿੰਘ ਸੋਹਲ ( ਵਿਦੇਸ਼ ਤੋਂ ) ਅਤੇ ਕੁਲਜੀਤ ਸਿੰਘ ਖਾਲਸਾ ਨੇ ਸਥਾਈ ਪੱਤਰਕਾਰਾਂ ਅਤੇ ਮੀਡੀਆ ਦੇ ਅਹੁਦੇਦਾਰਾਂ ਦੀ ਮੌਜੂਦਗੀ ਵਿੱਚ ਇਸ ਮੌਕੇ ਨੂੰ ਯਾਦਗਾਰ ਬਣਾਇਆ। ਫ਼ਿਲਮ ਦੇ ਡਾਇਰੈਕਟਰ ਨਸੀਬ ਸਿੰਘ ਨੇ ਇਸ ਮੌਕੇ ਤੇ ਫ਼ਿਲਮ ਬਾਰੇ ਜ਼ਰੂਰੀ ਜਾਣਕਾਰੀ ਵੀ ਸਾਂਝੀ ਕੀਤੀ।

ਫ਼ਿਲਮ ਵਿੱਚ ਰਘਬੀਰ ਸੋਹਲ ਬਤੌਰ ਅਦਾਕਾਰੀ ਨਾਲ ਆਪਣੀ ਭੂਮਿਕਾ 'ਚ ਦਰਸ਼ਕਾਂ ਦੇ ਰੂਬਰੂ ਹੋਣਗੇ। ਉਨ੍ਹਾਂ ਦੇ ਨਾਲ ਲਵ ਗਿੱਲ, ਮਲਕੀਤ ਰੌਣੀ, ਸੁਨੀਤਾ ਧੀਰ, ਪਰਮਿੰਦਰ ਗਿੱਲ, ਅਤੇ ਹੋਰ ਬਹੁਤ ਸਾਰੇ ਅਦਾਕਾਰੀ ਚਿਹਰੇ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਦਿਖਾਈ ਦੇਣਗੇ।




ਇਸ ਫ਼ਿਲਮ ਦੀ ਘਰੇਲੂ ਕਹਾਣੀ 'ਰਿਸ਼ਤੇ ਨਾਤੇ' ਦੇ ਕੇਂਦਰ ਵਿੱਚ ਉਹ ਮਾਂ-ਬਾਪ ਹਨ ਜੋ ਵਿਦੇਸ਼ ਵਿੱਚ ਰਹਿੰਦੇ ਆਪਣੇ ਬੱਚਿਆਂ ਕੋਲ ਜਾ ਕੇ ਉਨ੍ਹਾਂ ਦੇ ਸਾਥ ਨਾਲ ਜੁੜਨਾ ਚਾਹੁੰਦੇ ਹਨ। ਪਰ ਇਹ ਕਹਾਣੀ ਦਰਸਾਉਂਦੀ ਹੈ ਕਿ ਕਿਵੇਂ ਸਮੁੰਦਰੀ ਹੱਦਾਂ ਦੇ ਪਾਰ ਇਹ ਸਫ਼ਰ ਉਨ੍ਹਾਂ ਲਈ ਮੁਸ਼ਕਿਲਾਂ ਨਾਲ ਭਰਿਆ ਹੋ ਸਕਦਾ ਹੈ। ਡਾਇਰੈਕਟਰ ਨੇ ਦੱਸਿਆ ਕਿ ਫਿਲਮ ਸਿਰਫ ਘਰੇਲੂ ਰਿਸ਼ਤਿਆਂ ਦੀ ਮੱਹਤਤਾ ਨੂੰ ਹੀ ਨਹੀਂ ਸਾਂਝਾ ਕਰਦੀ, ਸਗੋਂ ਵਿਦੇਸ਼ ਵਿੱਚ ਬੱਚਿਆਂ ਦੇ ਕੋਲ ਗਏ ਮਾਪਿਆਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਵੀ ਕਮਾਲ ਦੇ ਤਰੀਕੇ ਨਾਲ ਦਰਸਾਉਂਦੀ ਹੈ। ਇਸ ਮੌਕੇ ਤੇ ਫ਼ਿਲਮ ਦਾ ਪੋਸਟਰ ਦਰਸ਼ਕਾਂ ਨੂੰ ਬਹੁਤ ਪਸੰਦ ਆਇਆ।

'ਰਿਸ਼ਤੇ ਨਾਤੇ' ਫਿਲਮ 24 ਜਨਵਰੀ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਦਰਸ਼ਕਾਂ ਵਿੱਚ ਫਿਲਮ ਨੂੰ ਲੈਕੇ ਬੇਹੱਦ ਉਤਸ਼ਾਹ ਤੇ ਉਡੀਕ ਹੈ।

**ਬਲਦੇਵ ਸਿੰਘ**
**ਜਲੰਧਰ**
**9041925181**

# ਨਸ਼ਾ ਮੁਕਤ ਪੰਜਾਬ ਲਈ ਪੰਚਾਇਤਾਂ ਦੀ ਅਹਿਮ ਭੂਮਿਕਾ - ਡਿਪਟੀ ਸਪੀਕਰ

## ਡਿਪਟੀ ਸਪੀਕਰ ਨੇ ਨਸ਼ਾ ਜਾਗਰੂਕਤਾ ਕੈਂਪ ਦੌਰਾਨ ਗੜ੍ਹਸ਼ੰਕਰ ਦੀਆਂ ਪੰਚਾਇਤਾਂ ਨੂੰ ਕੀਤਾ ਸੰਬੋਧਨ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਗੜ੍ਹਸ਼ੰਕਰ ਦੇ ਪਿੰਡ ਮਹਿਤਾਬਪੁਰ ਸਥਿਤ ਗੁਰਦੁਆਰਾ ਸਾਹਿਬ ਵਿਖੇ ਲਗਾਏ ਗਏ ਨਸ਼ਾ ਜਾਗਰੂਕਤਾ ਕੈਂਪ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਰਾਜ ਨੂੰ ਨਸ਼ਾ ਮੁਕਤ ਕਰਨ ਲਈ ਲਗਾਤਾਰ ਸਖਤ ਕਦਮ ਉਠਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਸਕਾਰਾਤਮਕ ਨਤੀਜੇ ਹੁਣ ਸਾਹਮਣੇ ਆਉਣ ਲੱਗੇ ਹਨ। ਡਿਪਟੀ ਸਪੀਕਰ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਵਿਚ ਪਿੰਡਾਂ ਦੀਆਂ ਪੰਚਾਇਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਯਕੀਨੀ ਬਣਾਉਣ ਕਿ ਪਿੰਡ ਦੇ ਨੌਜਵਾਨ ਗੁੰਮਰਾਹ ਨਾ ਹੋਣ ਅਤੇ ਨਸ਼ਿਆਂ ਤੋਂ ਦੂਰ ਰਹਿਣ। ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪਿਛਲੇ ਢਾਈ ਸਾਲ ਵਿਚ ਨਸ਼ਿਆਂ ਦੀ ਰੋਕਥਾਮ ਲਈ ਜੋ ਸਖਤ ਕਦਮ ਉਠਾਏ ਗਏ ਹਨ, ਉਹ ਇਤਿਹਾਸਕ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਪਿੰਡਾਂ ਅਤੇ ਮੁਹੱਲਿਆਂ ਤੱਕ ਪਹੁੰਚ ਕੇ ਜਾਗਰੂਕਤਾ ਮੁਹਿੰਮ ਚਲਾ ਰਹੀ ਹੈ ਤਾਂ ਜੋ ਹਰ ਵਿਅਕਤੀ ਇਸ ਮੁਹਿੰਮ ਦਾ ਹਿੱਸਾ ਬਣ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨਾ ਹੈ ਅਤੇ ਇਸ ਲਈ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਵੱਲ ਸਕਾਰਾਤਮਕ ਕੰਮਾਂ ਵਿਚ ਲਗਾਇਆ ਜਾ ਰਿਹਾ ਹੈ। ਡਿਪਟੀ ਸਪੀਕਰ ਨੇ ਕਿਹਾ ਕਿ ਸਰਕਾਰ ਜਿਥੇ ਨਸ਼ੇ ਦੀ ਗ੍ਰਿਫਤ ਵਿਚ ਫਸੇ ਨੌਜਵਾਨਾਂ ਦੇ ਪੁਨਰਵਾਸ ਲਈ ਵਚਨਬੱਧ ਹੈ ਉਥੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖਤ ਐਕਸ਼ਨ ਲੈਣ ਲਈ ਕੋਈ ਕਮੀ ਨਹੀਂ ਛੱਡ ਰਹੀ ਹੈ। ਉਨ੍ਹਾਂ ਸਮੂਹ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਚਾਇਤਾਂ ਦੀ ਜ਼ਿੰਮੇਵਾਰੀ ਕੇਵਲ ਪਿੰਡਾਂ ਦੇ ਵਿਕਾਸ ਤੱਕ ਸੀਮਤ ਨਹੀਂ ਹੈ ਬਲਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਦੀ ਨੈਤਿਕ ਜ਼ਿੰਮੇਵਾਰੀ ਵੀ ਪੰਚਾਇਤਾਂ ਦੀ ਹੈ। ਉਨ੍ਹਾਂ ਕਿਹਾ ਕਿ ਪੰਚਾਇਤਾਂ ਨਸ਼ੇ ਦੇ ਵਿਰੁੱਧ ਇਸ ਲੜਾਈ ਵਿਚ ਸਰਕਾਰ ਦਾ ਸਹਿਯੋਗ ਕਰਨ ਅਤੇ ਪਿੰਡਾਂ ਵਿਚ ਜਾਗਰੂਕਤਾ ਮੁਹਿੰਮ ਨੂੰ ਬੜ੍ਹਾਵਾ ਦੇਣ। ਇਸ ਮੌਕੇ ਨਸ਼ੇ ਦੀ ਆਦਤ ਛੱਡ ਕੇ ਨਵੀਂ ਸ਼ੁਰੂਆਤ ਕਰਨ ਵਾਲੇ ਨੌਜਵਾਨਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਉਹ ਨਸ਼ੇ ਦੀ ਚੁੰਗਲ ਤੋਂ ਬਾਹਰ ਨਿਕਲੇ ਅਤੇ ਆਪਣੇ ਜੀਵਨ ਨੂੰ ਇਕ ਨਵੀਂ ਦਿਸ਼ਾ ਦਿੱਤੀ। ਡਿਪਟੀ ਸਪੀਕਰ ਨੇ ਇਨ੍ਹਾਂ ਨੌਜਵਾਨਾਂ ਦੇ ਉਪਰਾਲੇ ਦੀ ਸਰਾਹਨਾ ਕਰਦੇ ਹੋਏ ਕਿਹਾ ਕਿ ਉਹ ਹੋਰ ਨੌਜਵਾਨਾਂ ਲਈ ਪ੍ਰੇਰਣਾ ਦਾ ਸਰੋਤ ਬਣਨਗੇ। ਡਿਪਟੀ ਸਪੀਕਰ ਨੇ ਅਖੀਰ ਵਿਚ ਕਿਹਾ ਕਿ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਤਾਂ ਹੀ ਸਾਕਾਰ ਹੋਵੇਗਾ ਜਦ ਸਰਕਾਰ, ਪੰਚਾਇਤਾਂ ਅਤੇ ਆਮ ਜਨਤਾ ਮਿਲ ਕੇ ਇਸ ਮੁਹਿੰਮ ਨੂੰ ਸਫ਼ਲ ਬਣਾਉਣਗੇ। ਇਸ ਮੌਕੇ ਐਸ.ਡੀ.ਐਮ. ਗੜ੍ਹਸ਼ੰਕਰ ਹਰਬੰਸ ਸਿੰਘ, ਐਸ.ਪੀ. ਮੇਜਰ ਸਿੰਘ ਅਤੇ ਡੀ.ਐਸ.ਪੀ. ਗੜ੍ਹਸ਼ੰਕਰ ਜਸਪ੍ਰੀਤ ਸਿੰਘ, ਓ.ਐਸ.ਡੀ. ਚਰਨਜੀਤ ਸਿੰਘ ਚੰਨੀ, ਬੀ.ਡੀ.ਪੀ.ਓ ਮਨਜਿੰਦਰ ਕੌਰ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਨਵੇਂ ਸਾਲ ਮੌਕੇ ਨਗਰ ਨਿਗਮ 'ਚ ਕਰਵਾਇਆ ਹਵਨ

**● ਸੰਸਦ ਡਾ. ਰਾਜ ਕੁਮਾਰ, ਵਿਧਾਇਕ ਜਿੰਪਾ, ਡਿਪਟੀ ਕਮਿਸ਼ਨਰ ਤੇ ਮੇਅਰ ਨੇ ਕੀਤੀ ਸ਼ਿਰਕਤ ● ਨਗਰ ਨਿਗਮ ਦੇ ਪਦਉੱਨਤ ਹੋਏ ਕਰਮਚਾਰੀਆਂ ਨੂੰ ਸੌਂਪੇ ਤਰੱਕੀ ਪੱਤਰ**




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਨਗਰ ਨਿਗਮ ਹੁਸ਼ਿਆਰਪੁਰ ਦੇ ਨਵੇਂ ਸਾਲ ਮੌਕੇ ਹਵਨ ਕਰਵਾਇਆ ਗਿਆ। ਇਸ ਦੌਰਾਨ ਸੰਸਦ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਹਵਨ ਵਿਚ ਭਾਗ ਲਿਆ ਅਤੇ ਸ਼ਹਿਰਵਾਸੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਉਨ੍ਹਾਂ ਦੀ ਸੁੱਖ-ਸ਼ਾਂਤੀ ਦੀ ਕਾਮਨਾ ਕੀਤੀ। ਸੰਸਦ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਨਵੇਂ ਸਾਲ ਦੀ ਸ਼ੁਰੂਆਤ ਇਸ ਤਰ੍ਹਾਂ ਦੇ ਅਧਿਆਤਮਕ ਅਤੇ ਸਕਾਰਾਤਮਕ ਸਮਾਰੋਹ ਨਾਲ ਹੋਣਾ ਸ਼ੁਭ ਸੰਕੇਤ ਹੈ। ਇਹ ਸਮਾਰੋਹ ਨਾ ਕੇਵਲ ਸ਼ਹਿਰਵਾਸੀਆਂ ਲਈ ਸੁੱਖ-ਸ਼ਾਂਤੀ ਲਈ ਪ੍ਰੇਰਣਾ ਹੈ ਬਲਕਿ ਨਗਰ ਨਿਗਮ ਦੇ ਕੰਮਾਂ ਵਿਚ ਪਾਰਦਰਸ਼ਤਾ ਅਤੇ ਸਮਰਪਣ ਨੂੰ ਵੀ ਦਰਸਾਉਂਦਾ ਹੈ। ਹਵਨ ਦਾ ਉਦੇਸ਼ ਕੇਵਲ ਧਾਰਮਿਕ ਸਮਾਰੋਹ ਨਹੀਂ ਹੈ, ਬਲਕਿ ਇਹ ਇਕ ਇਸ ਤਰ੍ਹਾਂ ਦਾ ਯਤਨ ਹੈ ਜੋ ਸਮੂਹਿਕ ਸ਼ਕਤੀ ਅਤੇ ਇਕਜੁੱਟਤਾ ਦਾ ਪ੍ਰਤੀਕ ਹੈ। ਉਨ੍ਹਾਂ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਨਿਰੰਤਰ ਯਤਨਾਂ ਕਾਰਨ ਹੁਸ਼ਿਆਰਪੁਰ ਸ਼ਹਿਰ ਦਾ ਵਿਕਾਸ ਤੇਜ਼ ਗਤੀ ਨਾ ਹੋ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੇਂਦਰ ਸਰਕਾਰ ਅਤੇ ਉਨ੍ਹਾਂ ਵਲੋਂ ਹਰ ਸੰਭਵ ਸਹਿਯੋਗ ਪ੍ਰਦਾਨ ਕੀਤਾ ਜਾਵੇਗਾ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਗਰ ਨਿਗਮ ਵਲੋਂ ਨਵੇਂ ਸਾਲ ਮੌਕੇ ਇਸ ਤਰ੍ਹਾਂ ਦੇ ਸਮਾਰੋਹ ਨਾ ਕੇਵਲ ਅਧਿਆਤਮਕ ਮਹੱਤਵ ਰੱਖਦੇ ਹਨ ਬਲਕਿ ਸਮਾਜ ਵਿਚ ਸਕਾਰਾਤਮਕ ਸੰਦੇਸ਼ ਵੀ ਦਿੰਦੇ ਹਨ। ਇਸ ਹਵਨ ਰਾਹੀਂ ਇਹ ਸੰਕਲਪ ਲਿਆ ਜਾ ਰਿਹਾ ਹੈ ਕਿ ਅਸੀਂ ਸਾਰੇ ਮਿਲ ਕੇ ਸ਼ਹਿਰ ਨੂੰ ਸਾਫ-ਸੁਥਰਾ, ਸੁੰਦਰ ਅਤੇ ਵਿਕਸਿਤ ਬਣਾਵਾਂਗੇ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਦਾ ਵਿਕਾਸ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਇਸ ਦੇ ਲਈ ਰਾਜ ਸਰਕਾਰ ਨਗਰ ਨਿਗਮ ਨਾਲ ਮਿਲ ਕੇ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਰਮਚਾਰੀਆਂ ਦੀ ਮਿਹਨਤ ਅਤੇ ਯੋਗਦਾਨ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਨਗਰ ਨਿਗਮ ਦੇ ਸਫਾਈ ਕਰਮਚਾਰੀ ਅਤੇ ਅਧਿਕਾਰੀ ਸ਼ਹਿਰ ਦੇ ਅਸਲੀ ਹੀਰੋ ਹਨ ਜੋ ਦਿਨ-ਰਾਤ ਮਿਹਨਤ ਕਰਕੇ ਹੁਸ਼ਿਆਰਪੁਰ ਨੂੰ ਚਮਕਦਾਰ ਅਤੇ ਸੰਗਠਿਤ ਬਣਾਏ ਰੱਖਦੇ ਹਨ। ਹਵਨ ਉਪਰੰਤ ਸੰਸਦ ਚੱਬੇਵਾਲ ਅਤੇ ਵਿਧਾਇਕ ਜਿੰਪਾ ਨੇ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦਿੱਤੀ ਅਤੇ ਉਨ੍ਹਾਂ ਦੇ ਸਮਰਪਣ ਅਤੇ ਉਪਰਾਲਿਆਂ ਲਈ ਧੰਨਵਾਦ ਕੀਤਾ। ਉਨ੍ਹਾਂ ਸਾਰੇ ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਫ਼ਾਈ ਅਤੇ ਵਿਕਾਸ ਦੇ ਕੰਮਾਂ ਵਿਚ ਮੋਹਰੀ ਭੂਮਿਕਾ ਨਿਭਾਉਣ ਅਤੇ ਹੁਸ਼ਿਆਰਪੁਰ ਨੂੰ ਇਕ ਆਦਰਸ਼ ਸ਼ਹਿਰ ਬਣਾਉਣ ਵਿਚ ਮਦਦ ਕਰਨ। ਨਗਰ ਨਿਗਮ ਕਮਿਸ਼ਨਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੱਤੀ ਕਿ ਇਸ ਮੌਕੇ ਸਫ਼ਾਈ ਸੇਵਕਾਂ ਅਤੇ ਹੋਰ ਕਰਮਚਾਰੀਆਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ। ਇਸ ਵਿਚ 8 ਸਫ਼ਾਈ ਸੇਵਕਾਂ ਨੂੰ ਸਫ਼ਾਈ ਮੇਟ ਦੇ ਰੂਪ ਵਿਚ ਉਨਤੀ ਦਿੱਤੀ ਗਈ। 3 ਸਫ਼ਾਈ ਸੇਵਕਾਂ ਨੂੰ ਅਸਥਾਈ ਸਫਾਈ ਮੇਟ ਦੇ ਰੂਪ ਵਿਚ ਤਾਇਨਾਤ ਕੀਤਾ ਗਿਆ। 3 ਕਰਮਚਾਰੀਆਂ ਨੂੰ ਸੈਨੇਟਰੀ ਸੁਪਰਵਾਈਜ਼ਰ ਦੇ ਰੂਪ ਵਿਚ ਪ੍ਰਮੋਟ ਕੀਤਾ ਗਿਆ। ਇਕ ਕਰਮਚਾਰੀ ਨੂੰ ਦਫ਼ਤਰੀ ਅਹੁਦੇ 'ਤੇ ਤਰੱਕੀ ਦਿੱਤੀ ਗਈ। ਪਦਉੱਨਤ ਕਰਮਚਾਰੀਆਂ ਨੂੰ ਸੰਸਦ ਚੱਬੇਵਾਲ ਅਤੇ ਵਿਧਾਇਕ ਜਿੰਪਾ ਵਲੋਂ ਤਰੱਕੀ ਪੱਤਰ ਸੌਂਪੇ ਗਏ।

for more news visit:
www.samajweekly.com

# ਕੁਵੈਂਟਰੀ ਚ ਰੇਡੀਓ ਪੰਜ ਦੀ ਅੱਠਵੀਂ ਵਰ੍ਹੇਗੰਢ ਮੌਕੇ ਕਰਵਾਇਆ ਗਿਆ ਧਾਰਮਿਕ ਕਵੀ ਦਰਬਾਰ







ਕਵੀ ਦਰਬਾਰ ਮੌਕੇ ਧਾਰਮਿਕ ਕਵੀਤਾਵਾਂ ਪੇਸ਼ ਕਰਦੇ ਹੋਏ ਵੱਖ ਵੱਖ ਪਤਵੰਤੇ। ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਯੂ.ਕੇ.ਦੇ ਸ਼ਹਿਰ ਕਵੈਟਰੀ ਚ ਪਿਛਲੇ 8 ਸਾਲਾਂ ਤੋਂ ਪੰਜਾਬ ਤੇ ਪੰਜਾਬੀਅਤ ਦੀ ਸੇਵਾ ਕਰਦਾ ਰੇਡੀਓ ਪੰਜ,ਅੱਜ ਰੇਡੀਓ ਪੰਜ ਦਾ ਜਨਮ ਦਿਨ ਅਜੀਤ ਦਰਬਾਰ ਗੁਰੂਘਰ ਕਵੈਟਰੀ ਵਿਖੇ ਗੁਰੂ ਸਹਿਬਾਨ ਜੀ ਦੀ ਹਜ਼ੂਰੀ ਚ ਬਹੁਤ ਹੀ ਸ਼ਰਦਾ ਨਾਲ ਮਨਾਇਆ ਗਿਆ.ਰੇਡੀਓ ਦੇ ਕਰਤਾ ਧਰਤਾ ਸ਼ਿੰਦਾ ਸੁਰੀਲਾ ਜੀ ਤੇ ਜਰਨੈਲ ਸਿੰਘ ਪਾਸਲਾ ਲੰਬੜ ਦੀ ਅਗਵਾਈ ਚ ਇੱਕ ਤੋਂ ਤਿੰਨ ਤੱਕ ਧਾਰਮਿਕ ਕਵੀ ਦਰਵਾਰ ਕਰਵਾਇਆ ਗਿਆ ਕਵੀ ਦਰਵਾਰ ਦੀ ਅਗਵਾਈ ਕੁਲਵੰਤ ਸਿੰਘ ਢੇਸੀ ਹੁਣੀ ਸੰਭਾਲੀ ਕਵੈਟਰੀ ਦੇ ਕਵੀ ਸੰਤੋਖ ਹੇਅਰ,ਉਸਤਾਦ ਬਲਦੇਵ ਮਸਤਾਨਾ,ਪਰਗਨ ਭੰਡਾਲ,ਜੋਸ਼ੀ ਰਾਮ,ਬਲਵੀਰ ਭੁਝੰਗੀ,ਮਨਰਾਜ ਭੌਰਾ,ਢੇਸੀ ਮੁੰਦਰਾ ਵਾਲਾ,ਰਜਿੰਦਰ ਕੌਰ ਪਲਾਹੀ,ਤੇ ਬੈਲੀ ਸਹੌਤਾ ਨੇ ਹਾਜ਼ਰੀ ਲਗਵਾਈ।

# ਕ੍ਰਾਂਤੀਜੋਤੀ ਮਾਤਾ ਸਵਿਤਰੀ ਬਾਈ ਫੂਲੇ ਜੀ ਦਾ 194ਵਾਂ ਜਨਮ ਦਿਨ ਮਨਾਇਆ ਗਿਆ



**ਹੁਸ਼ਿਆਰਪੁਰ।** ਅੱਜ 5/1/2024 ਨੂੰ ਧੰਮ ਭੂਮੀ ਹੁਸ਼ਿਆਰਪੁਰ ਅਤੇ ਡਾਕਟਰ ਬੀ ਆਰ ਅੰਬੇਡਕਰ ਸੋਸ਼ਲ ਵੈਲਫੇਅਰ ਸੁਸਾਇਟੀ ਅ ਸ ਲਾ ਮਾ ਬਾ ਦ, ਹੁਸ਼ਿਆਰਪੁਰ ਵਲੋਂ ਜੰਜ ਘਰ ਹੁਸ਼ਿਆਰਪੁਰ ਵਿਖੇ ਭਾਰਤੀ ਇਤਿਹਾਸ ਦੀ ਪਹਿਲੀ ਅਧਿਆਪਕਾ, ਕ੍ਰਾਂਤੀਜੋਤੀ ਮਾਤਾ ਸਵਿਤਰੀ ਬਾਈ ਫੂਲੇ ਜੀ ਦਾ 194ਵਾਂ ਜਨਮ ਦਿਨ ਮਨਾਇਆ ਗਿਆ। ਜਿਸ ਵਿਚ ਮੁਖ ਬੁਲਾਰੇ ਡਾਕਟਰ ਜਸਵੰਤ ਰਾਏ, ਜਿਲ੍ਹਾ ਭਾਸ਼ਾ ਅਤੇ ਖੋਜ ਅਫ਼ਸਰ ਅਤੇ ਲੈਕਚਰਾਰ ਯੋਧਾ ਮੱਲ ਜੀ ਨੇ ਪ੍ਰਭਾਵਸ਼ਾਲੀ ਢੰਗ ਨਾਲ ਮਾਤਾ ਸਵਿਤਰੀ ਬਾਈ ਫੂਲੇ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਲੈਕਚਰਾਰ ਬਲਦੇਵ ਕੁਮਾਰ ਜੀ ਅਤੇ ਮਾਣਯੋਗ ਮਦਨ ਬੈਂਸ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਸੰਚਾਲਨ ਦੀ ਜਿੰਮੇਵਾਰੀ ਮਾਸਟਰ ਸੁਰਜੀਤ ਰਾਜਾ ਜੀ ਨੇ ਸੁਚੱਜੇ ਢੰਗ ਨਾਲ ਨਿਭਾਈ। ਅੰਤ ਵਿੱਚ ਆਏ ਹੋਏ ਸਾਥੀਆਂ ਦਾ ਧੰਮ ਭੂਮੀ ਦੀ ਟੀਮ ਸ੍ਰੀ ਮੇਜਰ ਸਿੰਘ ਤੇ ਸ੍ਰੀਮਤੀ ਨਿਰਮਲਾ ਦੇਵੀ, ਸ੍ਰੀ ਸੁਖਦੇਵ ਸਿੰਘ ਤੇ ਪਰਿਵਾਰ, ਸ੍ਰੀ ਕੁਲਦੀਪ ਸਿੰਘ ਤੇ ਪਰਿਵਾਰ, ਸ੍ਰੀ ਰਾਜ ਕੁਮਾਰ ਸ੍ਰੀਮਤੀ ਕਾਂਤਾ ਦੇਵੀ ਤੇ ਬੱਚੇ, ਸ੍ਰੀ ਚਮਨ ਲਾਲ, ਸ੍ਰੀਮਤੀ ਅਸ਼ੋਕਿਤਾ ਰਾਣੀ ਅਤੇ ਸ੍ਰੀ ਸੁਰਿੰਦਰ ਕੁਮਾਰ ਜੀ ਵਲੋਂ ਧੰਨਵਾਦ ਕੀਤਾ।

# ਸਾਈਬਰ ਅਪਰਾਧ ਵਿਰੁੱਧ ਜਾਗਰੂਕਤਾ ਹੋਣ ਦੀ ਲੋੜ: ਅਵਿਨਾਸ਼ ਰਾਏ ਖੰਨਾ



**ਗੜ੍ਹਸ਼ੰਕਰ (ਬਲਵੀਰ ਚੌਂਪੜਾ )** ਭਾਜਪਾ ਦੇ ਸਾਬਕਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਸਾਈਬਰ ਕਰਾਈਮ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਬੀਤ ਖੇਤਰ ਦੇ ਭਾਜਪਾ ਵਰਕਰਾਂ ਨਾਲ ਮੀਟਿੰਗ ਕੀਤੀ। ਖੰਨਾ ਨੇ ਪਿੰਡ ਹੈਬੋਵਾਲ ਬੀਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਈਬਰ ਕਰਾਈਮ ਵਿਰੁੱਧ ਜਾਗਰੂਕਤਾ ਸਮੇਂ ਦੀ ਲੋੜ ਹੈ। ਅੱਜ ਇੰਟਰਨੈਟ ਦਾ ਯੁੱਗ ਹੈ ਅਤੇ ਇੰਟਰਨੈਟ ਤੋਂ ਬਿਨਾਂ ਰੋਜ਼ਾਨਾ ਜ਼ਰੂਰੀ ਕੰਮ ਕਰਨਾ ਮੁਸ਼ਕਲ ਹੈ। ਮਨੁੱਖ ਨੇ ਤਕਨਾਲੋਜੀ ਵਿੱਚ ਤਰੱਕੀ ਕੀਤੀ ਹੈ, ਪਰ ਸਾਈਬਰ ਅਪਰਾਧੀ ਹਮੇਸ਼ਾ ਇੰਟਰਨੈਟ ਰਾਹੀਂ ਲੋਕਾਂ ਨੂੰ ਧੋਖਾ ਦੇਣ ਦੀ ਤਾਕਤ ਵਿੱਚ ਰਹਿੰਦੇ ਹਨ। ਇਹ ਅਪਰਾਧੀ ਤੁਹਾਨੂੰ ਲਾਲਚ ਦੇ ਕੇ ਜਾਂ ਤੁਹਾਡੀ ਨਿੱਜੀ ਜਾਣਕਾਰੀ ਦੇਣ ਲਈ ਤੁਹਾਨੂੰ ਵਿੱਤੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਸਾਨੂੰ ਜ਼ਿੰਮੇਵਾਰ ਨਾਗਰਿਕਾਂ ਵਾਂਗ ਔਨਲਾਈਨ ਸਹੂਲਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕਦੇ ਵੀ ਬੇਲੋੜੀਆਂ ਫ਼ੋਨ ਕਾਲਾਂ ਜਾਂ ਗਲਤ ਕਾਲਾਂ ਨਾ ਚੁੱਕੋ ਅਤੇ ਆਪਣੀ ਨਿੱਜੀ ਜਾਣਕਾਰੀ ਜਿਵੇਂ ਕਿ ਤੁਹ-ਾਡਾ ਨਾਮ, ਆਧਾਰ ਨੰਬਰ, ਬੈਂਕ ਖਾਤਾ ਨੰਬਰ, ਤੁਹਾਡਾ ਪਤਾ ਜਾਂ ਕੋਈ ਹੋਰ ਜਾਣਕਾਰੀ ਸੋਸ਼ਲ ਮੀਡੀਆ ਜਾਂ ਫ਼ੋਨ 'ਤੇ ਕਿਸੇ ਨੂੰ ਵੀ ਨਾ ਦਿਓ। ਖੰਨਾ ਨੇ ਕਿਹਾ ਕਿ ਜੇਕਰ ਕੋਈ ਵਿਅਕਤੀ ਫ਼ੋਨ 'ਤੇ ਤੁਹਾਡੀ ਨਿੱਜੀ ਜਾਣਕਾਰੀ ਮੰਗਦਾ ਹੈ ਜਾਂ ਬੈਂਕ ਕਰਮਚਾਰੀ ਹੋਣ ਦਾ ਬਹਾਨਾ ਲਗਾ ਕੇ ਤੁਹਾਨੂੰ ਕਿਸੇ ਵੀ ਐਪਲੀਕੇਸ਼ਨ ਨੂੰ ਤੁਹਾਡੇ ਮੋਬਾਈਲ 'ਤੇ ਡਾਊਨਲੋਡ ਕਰਨ ਜਾਂ ਕਿਸੇ ਵੈੱਬਸਾਈਟ 'ਤੇ ਲਾਗਇਨ ਕਰਨ ਲਈ ਕਹਿੰਦਾ ਹੈ ਤਾਂ ਤੁਰੰਤ ਸੁਚੇਤ ਹੋਵੋ ਅਤੇ ਅਜਿਹਾ ਕਰਨ ਦੀ ਬਜਾਏ ਸਬੰਧਤ ਕੋਲ ਜਾਓ । ਦਫ਼ਤਰ ਜਾਓ ਅਤੇ ਗੱਲ ਕਰੋ। ਇਸ ਮੌਕੇ ਵਰਕਰਾਂ ਨੇ ਖੰਨਾ ਨੂੰ ਦੱਸਿਆ ਕਿ ਉਨ੍ਹਾਂ ਨੂੰ ਕਈ ਵਾਰ ਅਣਪਛਾਤੇ ਨੰਬਰਾਂ ਤੋਂ ਫੋਨ ਆਏ ਸਨ ਜਿਨ੍ਹਾਂ ਨੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਲਈ ਜਾਂ ਪੈਸੇ ਦਾ ਲਾਲਚ ਦੇ ਕੇ ਉਨ੍ਹਾਂ ਨੂੰ ਆਪਣੇ ਫੋਨ 'ਤੇ ਕੋਈ ਐਪ ਡਾਊਨਲੋਡ ਕਰਨ ਲਈ ਕਿਹਾ।

# ਐਡਵੋਕੇਟ ਕੰਵਲਜੀਤ ਸਿੰਘ ਕੁਟੀ ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੀ ਕਾਨੂੰਨੀ ਟੀਮ ਵਿੱਚ ਸ਼ਾਮਿਲ

**ਲੁਧਿਆਣਾ (ਰਮੇਸ਼ਵਰ ਸਿੰਘ)** ਨਵੇਂ ਸਾਲ ਦੇ ਪੰਜਵੇਂ ਦਿਨ ਬਠਿੰਡੇ ਦੇ ਐਡਵੋਕੇਟ ਕੰਵਲਜੀਤ ਸਿੰਘ ਕੁਟੀ, ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਕਾਨੂੰਨੀ ਟੀਮ ਵਿੱਚ ਸ਼ਾਮਿਲ ਹੋਏ ਹਨ। ਆਪ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ 31 ਮਾਰਚ 2023 ਨੂੰ ਇੱਕ ਹੁਕਮ ਜਾਰੀ ਕਰਕੇ, ਪੰਜਾਬ ਵਿੱਚ ਸਥਿਤ ਨਿੱਜੀ ਅਦਾਰਿਆਂ ਨੂੰ ਹਦਾਇਤ ਦਿੱਤੀ ਗਈ ਸੀ ਕਿ ਉਹ ਆਪਣੇ ਅਦਾਰਿਆਂ ਦੇ ਨਾਮ ਬੋਰਡਾਂ ਉੱਪਰ, ਅਦਾਰਿਆਂ ਦੇ ਨਾਮ ਗੁਰਮੁਖੀ ਲਿਪੀ ਵਿੱਚ ਵੀ ਲਿਖਣ। ਇਸੇ ਹੁਕਮ ਰਾਹੀਂ ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਇਸ ਹੁਕਮ ਦੀ ਉਲੰਘਣਾ ਕਰਨ ਵਾਲੇ ਅਦਾਰੇ ਨੂੰ ਜ਼ੁਰਮਾਨੇ ਕੀਤੇ ਜਾਣਗੇ। ਹੁਕਮ ਨੂੰ ਲਾਗੂ ਕਰਵਾਉਣ ਦੀ ਜਿੰਮੇਵਾਰੀ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਗਈ ਸੀ। ਪਰ ਹਾਲੇ ਤੱਕ ਪੰਜਾਬ ਸਰਕਾਰ ਦੇ ਇਸ ਹੁਕਮ ਦੀ ਪਾਲਨਾ ਨਾ ਮਾਤਰ ਹੀ ਹੋਈ ਹੈ।



ਹੁਣ ਇਸ ਹੁਕਮ ਨੂੰ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਐਡਵੋਕੇਟ ਕੰਵਲਜੀਤ ਸਿੰਘ ਕੁਟੀ ਵੱਲੋਂ ਉਠਾਈ ਗਈ ਹੈ। ਆਉਣ ਵਾਲੇ ਕੁਝ ਹੀ ਦਿਨਾਂ ਵਿੱਚ ਉਹ ਬਣਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦੇਣਗੇ।

ਕੁਟੀ ਜੀ ਦੇ ਭਾਈਚਾਰੇ ਵਿੱਚ ਸ਼ਾਮਿਲ ਹੋਣ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨੂੰ ਵੱਡਾ ਹੁੰਗਾਰਾ ਮਿਲੇਗਾ। ਭਾਈਚਾਰੇ ਦੀ ਸਮੁੱਚੀ ਟੀਮ ਵੱਲੋਂ ਐਡਵੋਕੇਟ ਕੰਵਲਜੀਤ ਸਿੰਘ ਕੁਟੀ ਜੀ ਦਾ ਦਿਲੋਂ ਸਵਾਗਤ ਕੀਤਾ ਜਾਂਦਾ ਹੈ।

# ਅਸਲ ਆਜ਼ਾਦੀ ਦਾ ਨਿੱਘ ਮਾਨਣ ਲਈ



ਲੋਕੋ ਲੱਖਾਂ ਧਰਮ ਸਥਾਨਾਂ 'ਤੇ ,
ਤੁਸੀਂ ਜਾਂ ਕੇ ਵੇਖ ਲਿਆ ।
ਗਾਇਕਾਂ ਤੋਂ ਧੀਆਂ ਦਾ ਲੱਕ ਵੇਟ ,
ਮਿਣਵਾ ਕੇ ਵੇਖ ਲਿਆ ।
ਜੇਕਰ ਓਨਾਂ ਕਰ ਲਓਂ ਇਕੱਠ ,
ਆਪਣੇ ਹੱਕਾਂ ਵਾਸਤੇ ਵੀ ;
ਪੈ ਸਕਦੈ ਹਾਕਮ ਦੇ ਗ਼ਲ ਸਾਫ਼ਾ ,
ਤਰਲਾ ਪਾ ਕੇ ਵੇਖ ਲਿਆ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
9914836037

# ਬਸਪਾ ਵਰਕਰ ਮਲਕੀਤ ਸਿੰਘ ਮੁਕੰਦਪੁਰ ਜੀ ਸਾਡੇ ਵਿੱਚ ਇਸ ਤਰ੍ਹਾਂ ਦੇ ਕੰਮ ਕਰ ਗਏ ਜੋ ਹਮੇਸ਼ਾ ਯਾਦ ਕੀਤੇ ਜਾਣਗੇ

**ਬੰਗਾ ( ਚਰਨਜੀਤ ਸੱਲ੍ਹਾ )** ਅੱਜ ਭਾਵੇਂ ਸਰੀਰਕ ਪੱਖੋਂ ਬਸਪਾ ਵਰਕਰ ਮਲਕੀਤ ਸਿੰਘ ਮੁਕੰਦਪੁਰ ਜੀ ਸਾਡੇ ਵਿਚਕਾਰ ਨਹੀਂ ਰਹੇ ਪਰ ਉਹ ਇਸ ਤਰ੍ਹਾਂ ਦਾ ਮਿਸ਼ਨ ਲਈ ਕੰਮ ਕਰਕੇ ਗਏ ਹਨ ਕਿ ਕਦੇ ਵੀ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ ਆਪਣੇ ਘਰ ਵਾਸਤੇ ਤਾਂ ਹਰ ਕੋਈ ਆਪਣੇ ਬੱਚਿਆਂ ਲਈ ਤਾਂ ਮਿਹਨਤ ਕਰਦਾ ਹੀ ਹੈ।ਪਰ ਇਸ ਵਰਕਰ ਨੇ ਜਿਸ ਤਰਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਹਿੰਦੇ ਹੁੰਦੇ ਸਨ ਕਿ ਜੇਕਰ ਜੀਣਾ ਹੈ ਤਾਂ ਸ਼ੇਰ ਬਣਕੇ ਜੀਓ ਕਿਸੇ ਤੋਂ ਤੁਹਾਨੂੰ ਡਰਨ ਦੀ ਕੋਈ ਲੋੜ ਨਹੀਂ ਹੈ। ਜਿਸ ਦੀ ਮਲਕੀਅਤ ਸਿੰਘ ਮੁਕੰਦਪੁਰ ਵਾਲੇ ਤੁਹਾਡੇ ਸਾਹਮਣੇ ਮਿਸਾਲ ਸੀ ਇਸ ਲਈ ਤਾਂ ਉਨ੍ਹਾਂ ਦੇ ਸੰਸਕਾਰ ਸਮੇਂ ਨਾਅਰੇਬਾਜ਼ੀ ਵੀ ਕੀਤੀ ਕਿ ਜਬ ਤੱਕ ਸੂਰਜ ਚਾਂਦ ਰਹੇਗਾ ਮਲਕੀਅਤ ਸਿੰਘ ਤੁਹਾਡਾ ਨਾਮ ਰਹੇਗਾ। ਇਸ ਮੌਕੇ ਤੇ ਪ੍ਰਵੀਨ ਬੰਗਾ ਇੰਚਾਰਜ ਹਲਕਾ ਆਨੰਦਪੁਰ ਸਾਹਿਬ, ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ, ਵਿਜੇ ਮਜਾਰੀ ਸਾਬਕਾ ਪ੍ਰਧਾਨ ਬਸਪਾ ਬੰਗਾ, ਪਰਮਜੀਤ ਮਹਿਰਮਪੁਰੀ ਬਸਪਾ ਆਗੂ, ਜਸਵੰਤ ਕਟਾਰੀਆ ਬਸਪਾ ਵਰਕਰ,ਡਾ ਨਰਿੰਜਨ ਪਾਲ ਸਾਬਕਾ ਐਸ ਐਮ ਓ,ਸੁਰਿੰਦਰ ਸਿੰਘ ਛਿੰਦਾ ਬਸਪਾ ਵਰਕਰ, ਸੁਰਜੀਤ ਸਿੰਘ ਰੱਲ ਬਸਪਾ ਵਰਕਰ, ਬਸਪਾ ਦੇ ਬਹੁਤ ਸਾਰੇ ਵਰਕਰ ਆਏ ਹੋਏ ਸਨ ਅਤੇ ਸਾਕ ਸਬੰਧੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।



# ਨਵਾਂ ਧਾਰਮਿਕ ਗੀਤ 'ਨਾਮ ਦਾ ਚੱਪੂ' ਦਾ ਪੋਸਟਰ ਰਿਲੀਜ਼

ਜਗਤ ਪਿਤਾ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਨਵਾਂ ਧਾਰਮਿਕ ਗੀਤ ( ਨਾਮ ਦਾ ਚੱਪੂ ) ਜਿਸ ਨੂੰ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ ਵਲੋਂ ਗਾਇਆ ਗਿਆ ਹੈ, ਇਸ ਪੋਸਟਰ ਰਿਲੀਜ਼ ਕਰ ਦਿਤਾ ਗਿਆ ਹੈ, ਇਸ ਨੂੰ ਗ੍ਰੇਟ ਚਮਾਰ ਇਟਰਨੈਸ਼ਨ ਸੰਸਥਾ ਦੇ ਯੌਰਪ ਵਿਖੇ ਪ੍ਰਧਾਨ ਗੀਤਕਾਰ ਕਮਲਜੀਤ ਮੰਢਾਲੀ ਵਾਲਾ ਵਲੋਂ ਕਲਮ ਬੱਧ ਕੀਤਾ ਗਿਆ ਹੈ ਅਤੇ ਇਸ ਦਾ ਮਿਊਜ਼ਿਕ ਰਜਤ ਭੱਟ ਵਲੋਂ ਤਿਆਰ ਕੀਤਾ ਗਿਆ ਹੈ, ਇਸ ਦੀ ਵੀਡੀਓ ਪ੍ਰੀਤ ਬਲਿਹਾਰ ਵਲੋਂ ਤਿਆਰ ਕੀਤੀ ਗਈ ਹੈ, ਇਸ ਗੀਤ ਨੂੰ 15 ਜਨਵਰੀ ਨੂੰ ਕੌਰ ਸਿਸਟਰਜ਼ ਚੈਨਲ ਵਲੋਂ ਰਿਲੀਜ਼ ਕੀਤਾ ਜਾਵੇਗਾ, ਇਸ ਲਈ ਸਹਿਯੋਗ ਗ੍ਰੇਟ ਚਮਾਰ ਇਟਰਨੈਸ਼ਨ ਸੰਸਥਾਂ, ਸੰਸਥਾਂ ਦੇ ਚੇਅਰਮੈਨ ਦਵਿੰਦਰ ਹੀਰਾ, ਕੁਲਵਿੰਦਰ ਮਾਹੀ, ਵਿਜੈ ਸਰੋਆ, ਗਾਇਕਾ ਬੇਬੀ ਏ ਕੌਰ, ਚਾਂਦੀ




ਥੰਮਣ ਵਾਲੀਆ, ਸੰਜੀਵ ਬਾਠ, ਕੁਲਵੰਤ ਸਰੋਆ, ਗਗਨਦੀਪ ਸਰੋਆ, ਰਣਵੀਰ ਬੇਰਾਜ ਦਾ ਹੈ।

# ਬਾਗੀ ਅਤੇ ਦਾਗੀ ਅਕਾਲੀ ਆਗੂ ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦਾ ਲਗਾਤਾਰ ਘਾਣ ਕਰ ਰਹੇ ਹਨ :- ਸਿੰਗੜੀਵਾਲਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** 1992 ਦੀਆਂ ਚੋਣਾਂ ਦਾ ਬਾਈਕਾਟ ਕਰਨ ਤੋਂ ਬਾਅਦ ਬਣੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਦੇ ਜੁਲਮਾਂ ਸਦਕਾ ਖੇਰੂ ਖੇਰੂ ਹੋਈ ਸਿੱਖ ਸਿਆਸਤ ਨੂੰ ਇਕੱਠਿਆਂ ਕਰਨ ਲਈ 2 ਮਈ 1994 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਪ੍ਰੋਫੈਸਰ ਮਨਜੀਤ ਸਿੰਘ ਵੱਲੋਂ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਸ਼੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਿਨਾਂ ਚ ਜਗਦੇਵ ਸਿੰਘ ਤਲਵੰਡੀ, ਕੈਪਟਨ ਅਮਰਿੰਦਰ ਸਿੰਘ, ਸੁਰਜੀਤ ਸਿੰਘ ਬਰਨਾਲਾ, ਸਿਮਰਨਜੀਤ ਸਿੰਘ ਮਾਨ, ਗੁਰਚਰਨ ਸਿੰਘ ਟੌਹੜਾ, ਕਰਨਲ ਜਸਮੇਤ ਸਿੰਘ ਬਾਲਾ, ਭਾਈ ਮਨਜੀਤ ਸਿੰਘ ਆਦਿ ਨੇ ਆਪਣੇ ਆਪਣੇ ਦਲਾਂ ਨੂੰ ਭੰਗ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਿਰਜਣਾ ਅਤੇ ਅੰਮ੍ਰਿਤਸਰ ਐਲਾਨਨਾਮੇ ਦੀ ਕਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰੀ ਚ ਚੁੱਕੀ ਪਰ ਪ੍ਰਕਾਸ਼ ਸਿੰਘ ਬਾਦਲ ਇਸ ਸਮੇਂ ਸ੍ਰੀ ਅਕਾਲ ਤਖਤ



ਸਾਹਿਬ ਤੋਂ ਹੋਇ ਹੁਕਮਾਂ ਤੇ ਪੇਸ਼ ਨਾ ਹੋ ਕੇ ਭਗੌੜਾ ਹੋ ਗਿਆ ਅਤੇ ਬਾਅਦ ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਮੋਗਾ ਵਿਖੇ 1996 ਚ ਕਾਨਫਰੰਸ ਕਰਕੇ ਅਕਾਲੀ ਦਲ ਦਾ ਭੋਗ ਪਾ ਕੇ ਆਪਣੀ ਪੰਜਾਬੀ ਪਾਰਟੀ ਬਣਾ ਲਈ ਉਸ ਸਮੇਂ ਤੋਂ ਬਾਅਦ ਅੱਜ ਤੱਕ ਅਖੌਤੀ ਬਾਗੀ ਅਤੇ ਦਾਗੀ ਅਕਾਲੀ ਆਗੂ ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦਾ ਲਗਾਤਾਰ ਘਾਣ ਕਰ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਾਪਰ ਰਹੀਆਂ ਘਟਨਾਵਾਂ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਪ੍ਰੈਸ ਨੋਟ ਰਾਹੀ ਕੀਤਾ। ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ 2015 ਤੋਂ ਬਾਅਦ ਮਿਆਦ ਖਤਮ ਹੋ ਚੁੱਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਤੇ ਜਬਰੀ ਕਾਬਜ਼ ਬਾਦਲ ਲਾਣੇ ਵੱਲੋਂ ਨਿਯੁਕਤ ਕੀਤੇ ਜਥੇਦਾਰਾਂ ਦੁਬਾਰਾ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਅਖੌਤੀ ਅਕਾਲੀ ਲਾਣੇ ਨੂੰ ਸੁਣਾਈ ਗਈ ਧਾਰਮਿਕ ਸਜ਼ਾ ਤਨਖਾਹ ਨੂੰ ਵੀ ਪੂਰਨ ਰੂਪ ਵਿੱਚ ਮੰਨਣ ਤੋਂ ਅਨਕਾਰੀ ਹੋ ਗਏ ਅਤੇ ਸੁਖਬੀਰ ਬਾਦਲ ਦੇ ਟੋਲੇ ਵਲੋਂ ਦਿੱਤੇ ਗਏ ਅਸਤੀਫੇ ਪ੍ਰਵਾਨ ਕਰਨ ਅਤੇ ਅਕਾਲੀ ਦਲ ਦੀ ਨਵੀਂ ਭਰਤੀ ਮੁਹਿੰਮ ਸ਼ੁਰੂ ਕਰਨ ਦੇ ਨਿਰਦੇਸ਼ਾਂ ਦੀ ਪਾਲਣਾ ਨਾ ਕਰਕੇ ਅਖੌਤੀ ਅਕਾਲੀ ਆਗੂ ਲਗਾਤਾਰ ਸਿੱਖ ਸਿਧਾਂਤਾਂ ਅਤੇ ਸੰਸਥਾਵਾਂ ਦਾ ਘਾਣ ਕਰ ਰਹੇ ਹਨ ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਤੇ ਇਹਨਾਂ ਦਾ ਸਖਤੀ ਨਾਲ ਵਿਰੋਧ ਕਰਕੇ ਪੰਥਕ ਸਫਾ ਤੋਂ ਦੂਰ ਕਰੇਗੀ।

## "ਪੱਥਰ 'ਤੇ ਲਕੀਰਾਂ " ਕਿਤਾਬ ਵਿੱਚੋਂ



### ਬੰਦੇ ਦੀ ਢੋਅ

ਜਿਹੜੇ ਆਪਣੇ ਲੋਕਾਂ ਦੇ ਕੰਮ ਆਉਂਦੇ ,
ਸੂਹੇ ਫੁੱਲਾਂ ਦੀ ਉਹ ਖ਼ੁਸ਼ਬੋਅ ਹੁੰਦੇ ।
ਸੁੱਤੇ ਲੋਕਾਂ ਨੂੰ ਬੰਦੇ ਜਗਾਉਂਣ ਜਿਹੜੇ ,
ਕਾਲ਼ੀ ਰਾਤ ਵਿੱਚ ਜੁਗਨੂੰ ਦੀ ਲੋਅ ਹੁੰਦੇ ।
ਬਿਨਾਂ ਖ਼ੁਸ਼ੀ ਨਾ ਜਸ਼ਨ ਮਨਾਏ ਜਾਂਦੇ ,
ਰੋਣੇਂ ਗ਼ਮਾਂ ਦੇ ਬਾਝ ਨਾ ਰੋਅ ਹੁੰਦੇ ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਰਿਸ਼ਤੇਦਾਰ ਨੇ ਬੰਦੇ ਦੀ ਢੋਅ ਹੁੰਦੇ ।

**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037



## ਗੁਰੂ ਕਾ ਸਿੱਖ

ਬਾਣੀ ਪੜ੍ਹਕੇ ਕਦੇ ਵਿਚਾਰਿਆ ਨਹੀਂ
ਗੁਣ ਇੱਕ ਵੀ ਅਸੀਂ ਧਾਰਿਆ ਨਹੀਂ

ਕਹਿਣ ਗੁਰੂ ਕਾ ਸਿੱਖ ਬੜਾ ਨਿਮਾਣਾ
ਇੱਥੇ ਹੈ ਕੋਈ ਜੋ ਹੰਕਾਰਿਆ ਨਹੀਂ

ਤੁਸਾਂ ਆਖਿਆ ਗਰੀਬ ਨੂੰ ਗਲ ਲਾਵੀਂ
ਅਸਾਂ ਤਾਂ ਕੋਲ ਵੀ ਕਦੇ ਖਲ੍ਹਾਰਿਆ ਨਹੀਂ

ਕਹਿਣ ਜਿੰਦ ਜਾਨ ਮਨੁੱਖਤਾ ਤੋਂ ਵਾਰ ਦੇਣੀ
ਅਸਾਂ ਵਾਲ਼ ਵੀ ਇੱਕ ਕਦੇ ਵਾਰਿਆ ਨਹੀਂ

ਇੱਕ ਦੂਜੇ ਦਾ ਗਲ ਨਿੱਤ ਘੁੱਟਦੇ ਹਾਂ
ਦੀਪ ਮੈਂ ਨੂੰ ਕਦੇ ਅਸੀਂ ਮਾਰਿਆ ਨਹੀਂ

**ਅਮਨਦੀਪ ਕੌਰ**
**ਹਾਕਮ ਸਿੰਘ ਵਾਲਾ**
**ਬਠਿੰਡਾ**
9877654596



## ਧੰਨ ਕਲਗੀਆਂ ਵਾਲਿਆ



ਕਲਗੀਆਂ ਵਾਲਿਆ ਕਰਾਂ ਕੀ ਸਿਫਤ ਤੇਰੀ
ਤੂੰ ਮੋਈ ਕੌਮ ਚ ਅਣਖ ਜਗਾ ਦਿੱਤੀ
ਪੈਦਾ ਹੋ ਕੇ 1666 ਨੂੰ ਪਟਨੇ ਵਿੱਚ
ਮਾਤਾ ਗੁਜਰੀ ਦੀ ਕੁੱਖ ਰੁਸ਼ਨਾ ਦਿੱਤੀ।
ਨੌਵੇਂ ਸਾਲ ਚ ਤੋਰ ਆਪਣੇ ਬਾਪ ਤਾਈਂ
ਰਖਾਈ ਲਾਜ ਸੀ ਤਿਲਕ ਤੇ ਜੰਞੂਆਂ ਦੀ ,
ਬਣ ਚਾਦਰ ਹਿੰਦ ਦੀ ਉਸ ਬਾਪ ਨੇ ਸੀ
ਪਾਈ ਕਦਰ ਸੀ ਕਸ਼ਮੀਰੀਆਂ ਦੇ ਹੰਞੂਆਂ ਦੀ।
ਇੱਥੇ ਮੁੱਕੀ ਨਹੀਂ ਸੀ ਇਬਾਰਤ ਜੁਲਮਾਂ ਦੀ
12 ਸਾਲ ਚ ਚੁੱਕੀ ਤੇਗ ਤੂੰ ਸੀ
ਹੱਕ ਸੱਚ ਤੇ ਧਰਮ ਖਾਤਰ ਜੂਝਣ ਲਈ
ਚੱਲਾਈ ਮਜਲੂਮਾਂ ਲਈ ਐਸੀ ਵੇਗ ਤੂੰ ਸੀ।
ਸਾਜ ਖਾਲਸਾ 1699 ਵਿਚ
ਪਾਈ ਕੁੱਲ ਲੋਕਾਈ ਦੀ ਬਾਤ ਤੂੰ ਸੀ,
ਇੱਕੋ ਨਜਰੀਂ ਸਾਰਿਆਂ ਨੂੰ ਤੱਕ ਕੇ ਤੂੰ
ਮਿਟਾਈ ਗੱਲ ਸਾਰੀ ਜਾਤ ਤੇ ਪਾਤ ਦੀ ਸੀ।
ਛੱਡ ਕਿਲਾ ਤੂੰ ਸਾਹਿਬ ਅਨੰਦਪੁਰ ਦਾ
ਦੱਸਿਆ ਰਾਹ ਸੀ ਛੱਡਣ ਦਾ ਮੋਹ ਸਾਨੂੰ ,
ਕੀ ਰਜਾ ਸੀ ਉਸ ਕੁਦਰਤ ਦੇ ਕਾਦਰ ਦੀ
ਕਿੰਨਾ ਪਵੇਗਾ ਮਹਿੰਗਾ ਮਹੀਨਾ ਪੋਹ ਅਸਾਨੂੰ !
ਭੁੱਲ ਗਊ-ਗਰੀਬ ਦੀਆਂ ਕਸਮਾਂ ਨੂੰ
ਕਹਿਰ ਕੀਤਾ ਜਾਲਮ ਨੇ ਅੱਤ ਭਾਰਾ,
ਕੰਢੇ ਸਰਸਾ ਦੇ ਹਨੇਰੀ ਰਾਤ ਵਿੱਚ
ਗਿਆ ਵਿੱਛੜ ਤੇਰਾ ਪਰਿਵਾਰ ਸਾਰਾ।
ਗੜ੍ਹੀ ਚਮਕੌਰ ਦੀ ਵਿੱਚ ਜਾ ਸ਼ਹੀਦ ਹੋਏ
ਤੇਰੇ ਸਿੰਘ ਅਜੀਤ ਤੇ ਜੁਝਾਰ ਤਾਈਂ,
ਪਾਏ ਕਫਨ ਨਾਂ ਇਹਨਾਂ ਦੀਆਂ ਲੋਥਾਂ ਉੱਤੇ
ਆਖ ਸਾਰੇ ਹੀ ਸਿੰਘ ਮੇਰੇ ਪਰਿਵਾਰ ਤਾਈਂ।
ਜੋਰਾਵਰ ਤੇ ਫਤਿਹ ਸਿੰਘ ਖੜ ਦੀਵਾਰਾਂ ਅੰਦਰ
ਮਹਿਲ ਸਿੱਖੀ ਦੇ ਤਾਈਂ ਉਸਾਰ ਗਏ,
ਧੰਨ ਮਾਂ ਗੁਜਰੀ ਤੇਰੀ ਕਲਗੀਆਂ ਵਾਲਿਆ ਵੇ
ਲਿਖ ਐਸੀ ਇੱਕ ਇਬਾਰਤ ਗਏ।
ਲਾ ਕੇ ਸਿਰਾਣਾ ਟਿੰਡ ਦਾ ਤੂੰ
ਹਾਲ ਮਿੱਤਰ ਪਿਆਰੇ ਤਾਈਂ ਆਖਦਾ ਏਂ,
ਆਪਣਾ ਸਾਰਾ ਕੁਝ ਤੂੰ ਵਾਰ ਕੇ ਵੀ
ਕਿਆ ਲਾਗੇ ਮੇਰਾ ਆਖਦਾ ਏਂ।
ਰਹਿੰਦੀ ਦੁਨੀਆਂ ਤੀਕਰ ਹੋਣਾ ਨਹੀਂ ਕੋਈ ਤੇਰਾ ਸਾਨੀ
ਰਹੂ ਚਮਕਦਾ ਅੰਬਰ ਤੇ ਨਾਂ ਤੇਰਾ
ਹੱਥ ਜੋੜ ਦੋਨੋ ਮੰਗੇ ਬਲਵੀਰ ਮਾਫੀ
ਹੋਇਆ ਲਿਖਣ ਲੱਗੇ ਤੋਂ ਕੋਈ ਗੁਨਾਹ ਮੇਰਾ
ਹੋਇਆ ਲਿਖਣ ਲੱਗੇ,,,,,,,,,,,।




**ਬਲਵੀਰ ਸਿੰਘ ਬਾਸੀਆਂ**
**ਪਿੰਡ ਤੇ ਡਾਕ ਬਾਸੀਆਂ ਬੇਟ**
(ਲੁਧਿ:) 8437600371

## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

ਧੰਨ ਗੁਰੂ ਬਾਜਾਂ ਵਾਲ਼ਿਆ , ਕੀਤੀ ਕੌਮ ਦੇ ਲਈ ਕੁਰਬਾਨੀ ।
ਤੂੰ ਸਾਰਾ ਪਰਿਵਾਰ ਵਾਰ ਕੇ ਰੱਖੀ ਇੱਕ ਵੀ ਨਾ ਕੋਲ਼ ਨਿਸ਼ਾਨੀ।
ਜਦੋਂ ਪਿਤਾ ਤੋਰਿਆ ਉਮਰ ਨੌਂ ਕੁ ਸਾਲ ਸੀ ।
ਦੁਨੀਆਂ 'ਚ ਲੱਭੀ ਇਹੋ ਜਿਹੀ ਨਾ ਮਿਸਾਲ ਸੀ ।
ਦਾਤਾ ਤੇਰੇ ਜਿਗਰੇ ਦੀ ਗਾਥਾ ਕਲਮਾਂ ਤੋਂ ਜਾਂਦੀ ਨਾ ਬਿਆਨੀ।
ਤੂੰ ਸਾਰਾ ਪਰਿਵਾਰ ਵਾਰ ਕੇ ------------
ਤੋਰ ਕੇ ਅਜੀਤ ਹੱਥੀਂ ਭੇਜ ਕੇ ਜੁਝਾਰ ਨੂੰ ।
ਭਾਜੜਾਂ ਪਾ ਦਿੱਤੀਆਂ ਸੀ ਵੈਰੀਆਂ ਦੀ ਡਾਰ ਨੂੰ।
ਐਵੇਂ ਨਈਓਂ ਕਹਿੰਦੀ ਦੁਨੀਆਂ ਤੈਨੂੰ ਚਾਰੇ ਪੁੱਤਰਾਂ ਦਾ ਦਾਨੀ।
ਤੂੰ ਸਾਰਾ ਪਰਿਵਾਰ ਵਾਰ ਕੇ ------------
ਜ਼ੋਰਾਵਰ ਫਤਹਿ ਨੇ ਸੀ ਫਤਿਹ ਕੀਤੀ ਕੌਮ ਦੀ ।
ਯੁੱਗੋ ਯੁੱਗ ਯਾਦ ਰਹਿਣੀ ਹੱਡ ਬੀਤੀ ਕੌਮ ਦੀ ।
ਦਾਦੀ ਨੂੰ ਜਦੋਂ ਖ਼ਬਰ ਹੋਈ ਲੇਖੇ ਕੌਮ ਦੇ ਲਾਈ ਜ਼ਿੰਦਗਾਨੀ।
ਤੂੰ ਸਾਰਾ ਪਰਿਵਾਰ ਵਾਰ ਕੇ ---------------
ਮਾਧੋ ਦਾਸ ਜਦੋਂ ਤੇਰਾ ਬੰਦਾ ਬਣ ਗਿਆ ਸੀ ।
ਓਹਨੇ 'ਕੱਲੇ 'ਕੱਲੇ ਕੋਲੋਂ ਬਦਲਾ ਵੀ ਲਿਆ ਸੀ।
ਲੱਭਿਆ ਨਾ ਅਜੇ ਤੱਕ ਵੀ ਤੇਰਾ ਦਾਤਿਆ ਜਗਤ ਉੱਤੇ ਸਾਨੀ।
ਤੂੰ ਸਾਰਾ ਪਰਿਵਾਰ ਵਾਰ ਕੇ --------------
'ਕੱਲੇ 'ਕੱਲੇ ਦਿਲ ਵਿੱਚ ਅੱਜ ਹੈ ਨਿਸ਼ਾਨੀ ਤੇਰੀ।
ਸਾਡੇ ਰੋਮ ਰੋਮ ਵਿੱਚ ਵਸੀ ਕੁਰਬਾਨੀ ਤੇਰੀ ।
ਗੀਤ ਲਿਖੇ ਪਿੰਡ ਰੰਚਣਾਂ ਯਾਦ ਕਰਕੇ ਸ਼ਹੀਦੀ ਜੋ ਲਾਸਾਨੀ।
ਤੂੰ ਸਾਰਾ ਪਰਿਵਾਰ ਵਾਰ ਕੇ ------------



**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।**
9914836037



# ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**ਅਵਤਾਰ ਪੁਰਬ 'ਤੇ ਵਿਸ਼ੇਸ਼**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਹਾਰ ਸੂਬੇ ਦੇ ਪ੍ਰਸਿੱਧ ਸ਼ਹਿਰ ਪਟਨਾ ਜਿਸ ਦਾ ਉਸ ਸਮੇਂ ਨਾਂ ਪਾਟਲੀਪੁਤਰ ਸੀ ਵਿੱਚ 22 ਦਸੰਬਰ ਸੰਨ 1666 ਈ. ਪੋਹ ਸੁਦੀ ਸਤਵੀਂ ਵਾਲੇ ਦਿਨ ਅਵਤਾਰ ਧਾਰਿਆ।ਉਨ੍ਹਾਂ ਦੇ ਪਿਤਾ ਨੌਵੇਂ ਗੁਰੂ ਤੇਗ ਬਹਾਦਰ ਜੀ ਸਨ ਅਤੇ ਦਾਦਾ ਛੇਵੇਂ ਗੁਰੂ ਸ੍ਰੀ ਹਰਿ ਗੋਬਿੰਦ ਜੀ ਸਨ।ਮਾਤਾ ਦਾ ਨਾਂ ਮਾਤਾ ਗੁਜਰੀ ਸੀ।ਬਾਲ ਗੁਰੂ ਗੋਬਿੰਦ ਰਾਇ ਪੰਜ ਛੇ ਸਾਲ ਪਟਨਾ ਰਹੇ। ਇੱਥੇ ਇਨ੍ਹਾਂ ਦੇ ਕਈ ਕੌਤਕ ਪ੍ਰਸਿੱਧ ਹਨ ।ਇੱਥੇ ਹੀ ਬੰਗਾਲੀ, ਹਿੰਦੀ, ਪੰਜਾਬੀ, ਫਾਰਸੀ, ਸੰਸਕ੍ਰਿਤ, ਬ੍ਰਜੀ ਆਦਿ ਬੋਲੀਆਂ ਸਿਖੀਆਂ। ਗੁਰੂ ਤੇਗ਼ ਬਹਾਦਰ ਜੀ 1671 ਈ. ਦੇ ਸ਼ੁਰੂ ਵਿੱਚ ਪ੍ਰਵਾਰ ਨੂੰ ਪਟਨਾ ਛੱਡ ਕੇ ਵੈਸਾਖੀ ਦੇ ਕਰੀਬ ਆਨੰਦਪੁਰ (ਮਾਖੋਵਾਲ) ਪੁੱਜ ਗਏ। ਛੇਤੀ ਹੀ ਉਨ੍ਹਾਂ ਪ੍ਰਵਾਰ ਨੂੰ ਵਾਪਸ ਮੰਗਵਾਇਆ।ਇੱਥੇ ਹੀ ਔਰੰਗਜ਼ੇਬ ਤੋਂ ਦੁੱਖੀ ਕਸ਼ਮੀਰੀ ਪੰਡਿਤਾਂ ਦੀ ਵਿੱਥਿਆ ਸੁਣ ਕੇ ਗੁਰੂ ਜੀ 7 ਸਾਲ ਦੇ ਬਾਲਕ ਗੁਰੂ ਗੋਬਿੰਦ ਰਾਇ ਜੀ ਨੂੰ ਗੁਰ-ਗੱਦੀ ਸੌਂਪ ਕੇ ਕੁਝ ਮੁੱਖੀ ਸਿੱਖਾਂ ਸਮੇਤ ਦਿੱਲੀ ਨੂੰ ਰਵਾਨਾ ਹੋਇ ।ਡਾ. ਦੀਵਾਨ ਸਿੰਘ ਨੇ ਆਪਣੀ ਪੁਸਤਕ 'ਦਸਮ ਗੁਰੂ ਜੀਵਨ ਤੇ ਸਖ਼ਸ਼ੀਅਤ' ਵਿਚ ਵਿਸਥਾਰ ਨਾਲ ਲਿਖਦੇ ਹੋਏ ਇਹ ਸਮਾਂ 1673 ਈ. ਦਾ ਲਿਖਿਆ ਹੈ। ਦੋ ਕੁ ਸਾਲ ਗੁਰੂ ਜੀ ਨੇ ਪ੍ਰਚਾਰ ਵਿੱਚ ਬਿਤਾਏ ਸਨ ਤਾਂ ਜਦ ਗੁਰੂ ਜੀ ਆਗਰੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਹੁਕਮ ਨਾਲ ਉਨ੍ਹਾਂ ਨੂੰ ਅਤੇ ਭਾਈ ਮਤੀਦਾਸ ਜੀ, ਭਾਈ ਦਿਆਲ ਦਾਸ ਜੀ, ਭਾਈ ਸਤੀ ਦਾਸ ਜੀ ਆਦਿ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

1675 ਤੋਂ 1688 ਈ. ਦਾ ਸਮਾਂ ਸਿੱਖ ਸ਼ਕਤੀ ਦੇ ਸੰਗਠਨ ਦਾ ਸਮਾਂ ਸੀ। ਸੈਨਿਕ ਅਤੇ ਬੀਰ ਰਸੀ ਜੋਸ਼ ਵਧਾਉਣ ਲਈ ਰਣਜੀਤ ਨਗਾਰਾ ਤਿਆਰ ਕਰਵਾਇਆ ਗਿਆ। ਜਿਸ ਦੀ ਆਵਾਜ਼ ਸਾਰੇ ਪਹਾੜੀ ਰਾਜਾਂ ਵਿੱਚ ਗੂੰਜ ਉਠੀ। ਇੱਕ ਸਿੱਖ ਦੁਨੀ ਚੰਦ ਕਾਬਲ ਤੋਂ ਇੱਕ ਬਹੁਤ ਸੁੰਦਰ ਅਤੇ ਕੀਮਤੀ ਸ਼ਮਿਆਨਾ ਬਣਵਾ ਕੇ ਲਿਆਇਆ ਤੇ ਗੁਰੂ ਜੀ ਨੂੰ ਭੇਟ ਕੀਤਾ, ਜਿਸ ਦੀ ਕੀਮਤ ਢਾਈ ਲੱਖ ਰੁਪਏ ਸੀ। ਆਸਾਮ ਦਾ ਰਾਜਾ ਰਤਨ ਰਾਏ ਬਹੁਤ ਕੀਮਤੀ ਤੋਹਫੇ ਜਿਨ੍ਹਾਂ ਵਿੱਚ ਇੱਕ ਸੁੰਦਰ ਹਾਥੀ, ਇੱਕ ਤਖ਼ਤ, ਪੰਜ ਵਧੀਆ ਤੇ ਸਜੇ ਸਜਾਏ ਘੋੜੇ, ਇੱਕ ਅਦੁੱਤੀ ਹਥਿਆਰ ਜਿਸ ਵਿੱਚੋਂ ਪੰਜ ਹਥਿਆਰ ਨਿਕਲਦੇ ਸਨ ਅਤੇ ਹੋਰ ਕਿੰਨਾਂ ਕੀਮਤੀ ਸਾਜੋ-ਸਾਮਾਨ ਸੀ।

ਗੁਰੂ ਸਾਹਿਬ ਦੀ ਸ਼ਕਤੀ ਵੱਧਦੀ ਵੇਖ ਕੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਈਰਖਾ ਦੀ ਅੱਗ ਵਿੱਚ ਸੜਨ ਲੱਗ ਪਿਆ। ਜਿਸ ਦਾ ਸਿੱਟਾ ਪਹਿਲੀ ਲੜਾਈ ਭੰਗਾਲੀ ਦੇ ਯੁੱਧ ਦਾ ਕਾਰਨ ਬਣੀ ਜੋ 1688 ਈ.ਵਿਚ ਲੜੀ ਗਈ। 1677 ਈ. ਵਿੱਚ ਆਪ ਦੀ ਸ਼ਾਦੀ ਲਾਹੌਰ ਦੇ ਸਿੱਖ ਭਾਈ ਭਿਖੀਆ ਦੀ ਲੜਕੀ ਜੀਤੋ ਨਾਲ ਆਨੰਦਪੁਰ ਸਾਹਿਬ ਹੋਈ।

1685 ਈ. ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਆਪਣੀ ਸੈਨਾ ਤੇ ਪ੍ਰਵਾਰ ਸਮੇਤ ਆਪ ਨਾਹਨ ਚਲੇ ਗਏ। ਰਾਜੇ ਦੀ ਬੇਨਤੀ ਕਰਨ 'ਤੇ ਜਮਨਾ ਕੰਢੇ ਰਮਣੀਕ ਥਾਂ 'ਤੇ 12 ਦਿਨਾਂ ਵਿੱਚ ਹੀ ਕਿਲ੍ਹਾ ਤਿਆਰ ਕਰਵਾਇਆ ਜਿਸ ਦਾ ਨਾਂ ਪਾਉਂਟਾ (ਪੈਰ ਰੱਖਣ ਦੀ ਥਾਂ) ਰੱਖਿਆ। ਏਥੇ ਆਪ ਤਿੰਨ ਸਾਲ ਰਹੇ ਤੇ ਬਹੁਤ ਸਾਰਾ ਸਾਹਿਤ ਰਚਿਆ।1688 ਈ. ਇੱਥੇ ਰਹਿੰਦਿਆਂ ਸਭ ਤੋਂ ਵੱਡੀ ਘਟਨਾ ਭੰਗਾਣੀ ਦਾ ਯੁੱਧ ਹੋਇਆ, ਜਿਸ ਵਿਚ ਗੁਰੂ ਜੀ ਦੀ ਸੈਨਾ ਨੂੰ ਬੜੀ ਭਾਰੀ ਜਿੱਤ ਹੋਈ ।

ਪਾਉਂਟਾ ਸਾਹਿਬ ਵਿੱਚ ਹੀ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1687 ਵਿੱਚ ਜਨਮ ਹੋਇਆ।ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਵਿੱਚ ਗੁਰੂ ਸਾਹਿਬ ਆਨੰਦਪੁਰ ਵਾਪਿਸ ਆ ਗਏ। ਗੁਰੂ ਜੀ ਦੇ ਬਾਕੀ ਤਿੰਨ ਸਾਹਿਬਜ਼ਾਦਿਆਂ ਦਾ ਜਨਮ ਵੀ ਇੱਥੇ ਹੀ ਹੋਇਆ । 1690 ਈ. ਨਦੌਣ ਦੀ ਲੜਾਈ ਹੋਈ।

ਗੁਰੂ ਜੀ ਨੇ ਸਿੱਖਾਂ ਨੂੰ ਨਿਆਰਾ ਰੂਪ ਦੇਣ ਲਈ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਖ਼ਾਲਸਾ ਪੰਥ ਦੀ ਸਾਜਣਾ ਨਾਲ ਪਹਾੜੀ ਰਾਜਿਆਂ ਵਿੱਚ ਗੁਰੂ ਜੀ ਪ੍ਰਤੀ ਈਰਖਾ ਹੋਰ ਵੱਧ ਗਈ। ਸੂਬਾ ਸਰਹੰਦ ਨੇ ਦਸ ਹਜ਼ਾਰ ਫੌਜ ਸਮੇਤ ਜਰਨੈਲ ਅਦੀਨਾ ਬੇਗ ਅਤੇ ਪੈਂਦਾ ਖ਼ਾਨ ਨੂੰ ਆਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ। ਇਸ ਵਿੱਚ ਜਿੱਤ ਗੁਰੂ ਜੀ ਦੀ ਹੀ ਹੋਈ।

ਇਨ੍ਹਾਂ ਦਿਨਾਂ ਵਿੱਚ ਰੁਹਤਾਸ ਦੇ ਇੱਕ ਸਿੱਖ ਨੇ ਆਪਣੀ ਲੜਕੀ ਸਾਹਿਬ ਦੀ ਸ਼ਾਦੀ ਗੁਰੂ ਜੀ ਨਾਲ ਇੱਕ ਪ੍ਰਣ ਅਨੁਸਾਰ ਕੀਤੀ। ਗੁਰੂ ਜੀ ਨੇ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਸਾਹਿਬ ਕੌਰ ਰੱਖਿਆ। ਇਸੇ ਸਮੇਂ ਭਾਈ ਰਾਮ ਕੁੰਵਰ (ਬਾਬਾ ਬੁੱਢਾ ਜੀ ਦੇ ਵੰਸ਼ਜ) ਨੂੰ ਗੁਰੂ ਜੀ ਨੇ ਅੰਮ੍ਰਿਤ ਛਕਾਇਆ ਤੇ ਉਸ ਦਾ ਨਾਂ ਭਾਈ ਗੁਰਬਖਸ਼ ਸਿੰਘ ਰੱਖਿਆ। ਇਸੇ ਲੜਾਈ ਦੌਰਾਨ ਭਾਈ ਘਨ੍ਹਈਆ ਵਾਲਾ ਪ੍ਰਸੰਗ ਵਾਪਰਿਆ।



ਮੁਗ਼ਲਾਂ ਅਤੇ ਪਹਾੜੀ ਰਾਜਿਆਂ ਦਾ ਨਿਸ਼ਾਨਾ ਆਨੰਦਪੁਰ ਸੀ। ਲਗਾਤਾਰ 8 ਮਹੀਨੇ ਤੋ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ ਗਿਆ । ਬਿਕ੍ਰਮੀ ਸੰਮਤ 1762 ਦੀ 6-7 ਪੋਹ ਦੀ ਦਰਮਿਆਨੀ ਰਾਤ ਨੂੰ ਆਨੰਦ ਗੜ ਦਾ ਕਿਲ੍ਹਾ ਖਾਲੀ ਕਰਨ ਤੋਂ ਬਾਅਦ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਚੁੱਕੀਆਂ ਕਸਮਾਂ ਨੂੰ ਤੋੜ ਕੇ ਕੀਰਤਪੁਰ ਸਾਹਿਬ ਪਾਰ ਕਰਦਿਆਂ ਹੀ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ਜੰਗ ਹੋਈ, ਕਾਫੀ ਸਿੰਘ ਸ਼ਹੀਦ ਹੋ ਗਏ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜ ਗਿਆ।

ਉਨ੍ਹਾਂ ਦੇ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਰੋਪੜ ਵੱਲ ਨੂੰ ਗਏ। ਜਿੱਥੋਂ ਇੱਕ ਪੁਰਾਣਾ ਨੌਕਰ ਗੰਗੂ ਬ੍ਰਾਮਣ ਉਨ੍ਹਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਰਾਤ ਨੂੰ ਮਾਤਾ ਜੀ ਪਾਸੋਂ ਜੇਵਰ ਤੇ ਨਕਦੀ ਚੁਰਾ ਲਈ ਤੇ ਹਜ਼ਮ ਕਰਨ ਲਈ ਉਨ੍ਹਾਂ ਵਿਰੁੱਧ ਮੋਰਿੰਡੇ ਚੌਧਰੀ ਨੂੰ ਖ਼ਬਰ ਕਰ ਦਿੱਤੀ। ਉਸ ਨੇ ਉਨ੍ਹਾਂ ਦੇ ਸੂਬੇਦਾਰ ਸਰਹੰਦ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਆਪਣੇ ਵਜ਼ੀਰ ਸੁੱਚਾ ਨੰਦ ਖ਼ਤਰੀ ਦੇ ਜ਼ੋਰ ਦੇਣ 'ਤੇ ਦੋਵਾਂ ਮਾਸੂਮ ਬੱਚਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਮਾਤਾ ਜੀ ਬੱਚਿਆਂ ਦਾ ਦੁੱਖ ਨਾ ਸਹਾਰਦੇ ਹੋਏ ਸ਼ਹਾਦਤ ਪਾ ਗਏ।

ਅਗਲਾ ਟਾਕਰਾ 8ਪੋਹ ਨੂੰ 1762 (ਸੰਨ 1705) ਚਮਕੌਰ ਦੀ ਗੜ੍ਹੀ ਤੇ ਭਾਰੀ ਜੰਗ ਹੋਇਆ ।ਇਸ ਜੰਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਪੁੱਤਰ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ , ਹੋਰਨਾਂ ਚਾਲੀ ਕੁ ਸਿੰਘਾਂ ਸਮੇਤ ਲੜਦਿਆਂ ਸ਼ਹੀਦ ਹੋ ਗਏ। ਇਸ ਤੋਂ ਬਾਅਦ 30 ਪੋਹ 1762 ਬਿਕ੍ਰਮੀ (ਸੰਨ1705ਈ. ) ਵਿੱਚ ਖਿਦਰਾਣਾ ਦੀ ਢਾਬ ਤੇ ਸੂਬਾ ਸਰਹਿੰਦ ਦੀ ਦਸ ਹਜ਼ਾਰ ਮੁਗ਼ਲਾ ਫੌਜ ਨਾਲ ਜੰਗ ਲੜੀ । ਇੱਥੇ ਚਾਲੀ ਸਿੰਘਾਂ ਵਲੋਂ ਲਿਖਿਆ ਗਿਆ ਬੇਦਾਵਾ ਗੁਰੂ ਜੀ ਨੇ ਪਾੜ ਦਿੱਤਾ। ਇਸ ਕਰ ਕੇ ਇਸ ਨੂੰ ਚਾਲੀ ਮੁਕਤਿਆ ਦੀ ਮੁਕਤੀ ਕਾਰਨ ਮੁਕਤਸਰ ਕਿਹਾ ਜਾਣ ਲੱਗਾ।

ਚਮਕੌਰ ਤੋਂ ਗੁਰੂ ਜੀ ਇਕੱਲੇ ਆਪਣੇ ਤਿੰਨ ਸਿੱਖਾਂ ਨਾਲੋਂ ਵਿਛੜ ਕੇ ਮਾਛੀਵਾੜੇ ਜਾ ਪੁੱਜੇ। ਮਾਛੀਵਾੜੇ ਉਨ੍ਹਾਂ ਦੇ ਤਿੰਨ ਸਾਥੀ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਆ ਮਿਲੇ। ਇੱਥੇ ਹੀ ਉਨ੍ਹਾਂ ਦੇ ਸ਼ਰਧਾਲੂ ਪਠਾਨ ਨਬੀ ਖ਼ਾਨ ਤੇ ਗ਼ਨੀ ਖ਼ਾਨ ਆ ਮਿਲੇ। ਜਿਨ੍ਹਾਂ ਨੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਗੁਰੂ ਜੀ ਨੂੰ 'ਉੱਚ ਦਾ ਪੀਰ' ਬਣਾਇਆ ਅਤੇ ਨੀਲੀ ਪੁਸ਼ਾਕ ਪਹਿਨਾ ਕੇ ਪਾਲਕੀ ਵਿੱਚ ਸਵਾਰ ਕਰਕੇ ਮੁਗ਼ਲ ਫੌਜਾਂ ਤੋਂ ਬਚਦੇ ਹੋਏ ਕਾਫੀ ਦੂਰ ਚਲੇ ਗਏ।ਗੁਰੂ ਜੀ ਇਸ ਵਿਉਂਤ ਨਾਲ ਜਗਰਾਉਂ ਤੇ ਰਾਏਕੋਟ ਹੁੰਦੇ ਹੋਏ ਜੱਟਪੁਰੇ ਪੁੱਜੇ। ਇੱਥੋਂ ਦੇ ਮੁਸਲਮਾਨ ਹਾਕਮ ਰਾਏ ਕਲ੍ਹਾ ਨੇ ਗੁਰੂ ਜੀ ਦੀ ਪੂਰੀ ਸਹਾਇਤਾ ਕੀਤੀ। ਰਾਏ ਕਲ੍ਹਾ ਨੇ ਗੁਰੂ ਜੀ ਦੇ ਕਹਿਣ 'ਤੇ ਸਰਹੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਖ਼ਬਰ ਮੰਗਵਾਈ। ਜਦ ਮਾਹੀ ਨਾਮੀ ਹਰਕਾਰਾ ਇਹ ਅਤੀ ਦੁੱਖਦਾਈ ਖ਼ਬਰ ਲਿਆਇਆ ਤਾਂ ਉਸ ਵੇਲੇ ਗੁਰੂ ਜੀ ਜੰਗਲ ਵਿੱਚ ਬੈਠੇ ਹੋਏ ਸਨ। ਗੁਰੂ ਜੀ ਨੇ ਇੱਕ ਕਾਹੀ ਦਾ ਬੂਟਾ ਪੁੱਟਦੇ ਹੋਏ ਫਰਮਾਇਆ ਕਿ ਜਿਸ ਤਰ੍ਹਾਂ ਇਹ ਬੂਟਾ ਪੁੱਟਿਆ ਗਿਆ ਹੈ, ਉਸੇ ਤਰ੍ਹਾਂ ਮੁਗ਼ਲ ਹਕੂਮਤ ਦੀਆਂ ਛੇਤੀ ਹੀ ਜੜ੍ਹਾਂ ਪੁੱਟੀਆਂ ਜਾਣਗੀਆਂ।

ਇਸ ਉਪਰੰਤ ਮੌਜੂਦਾ ਮੁਕਤਸਰ ਦੀ ਥਾਂ 'ਤੇ ਮੁਗ਼ਲਾਂ ਨਾਲ ਮੁੜ ਮੁਠਭੇੜ ਹੁੰਦੀ ਹੈ, ਜਿੱਥੇ ਚਾਲੀ ਸਿੰਘ ਜੋ ਬੇਦਾਵਾ ਦੇ ਗਏ ਸਨ ਮੁਗਲ ਫੌਜਾਂ ਨਾਲ ਬੜੀ ਬਹਾਦਰੀ ਨਾਲ ਲੜਦੇ ਸ਼ਹੀਦੀ ਪ੍ਰਾਪਤ ਕਰਦੇ ਹਨ।ਗੁਰੂ ਜੀ ਨੇ ਇਸ ਲੜਾਈ ਨੂੰ ਉੱਚੇ ਟਿੱਬੇ ਤੋਂ ਵੇਖਿਆ।ਗੁਰੂ ਜੀ ਨੇ ਇਕੱਲੇ ਇਕੱਲੇ ਸਿੰਘ ਨੂੰ ਆਪਣੀ ਗੋਦ ਵਿਚ ਲਿਆ ਤੇ ਬੇਦਾਵਾ ਪਾੜ ਕੇ ਉਨ੍ਹਾਂ ਨੂੰ ਮੁਕਤੇ ਆਖ ਕੇ ਨਿਵਾਜਿਆ। ਇੱਥੇ ਹੁਣ 'ਮੁਕਤਸਰ' ਆਬਾਦ ਹੈ। ਮੁਕਤਸਰ ਤੋਂ ਬਾਅਦ ਗੁਰੂ ਜੀ ਤਲਵੰਡੀ ਸਾਬੋ ਪੁੱਜੇ। ਜਿੱਥੇ ਉਹ 9 ਮਹੀਨੇ ਰਹੇ ਤੇ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਇਸ ਨੂੰ ਹੁਣ ਵਾਲਾ ਸੰਪੂਰਨ ਰੂਪ ਬਖ਼ਸ਼ਿਆ ਅਤੇ 'ਗੁਰੂ ਕੀ ਕਾਂਸ਼ੀ' ਆਖ ਕੇ ਵਡਿਆਇਆ। ਤਲਵੰਡੀ ਵਿੱਚ ਹੀ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਦਿੱਲੀ ਤੋਂ ਆ ਕੇ ਗੁਰੂ ਜੀ ਨੂੰ ਮਿਲੇ ਅਤੇ ਉਨ੍ਹਾਂ ਦਾ ਏਥੇ ਹੀ ਪਤਾ ਲੱਗਾ।

ਤਲਵੰਡੀ ਸਾਬੋ ਜਾਂਦਿਆ ਜਦ ਗੁਰੂ ਜੀ ਦੀਸੇ ਠਹਿਰੇ ਹੋਏ ਸਨ ਤਾਂ ਔਰੰਗਜ਼ੇਬ ਵਲੋਂ ਉਨ੍ਹਾਂ ਨੂੰ ਇੱਕ ਸ਼ਾਹੀ ਪੱਤਰ ਪੁੱਜਾ ਜਿਸ ਵਿੱਚ ਉਨ੍ਹਾਂ ਨੂੰ ਦੱਖਣ ਵਿੱਚ ਕਿਆਮ ਕਰਦੇ ਬਾਦਸ਼ਾਹ ਨੂੰ ਮਿਲਣ ਦਾ ਸੱਦਾ ਸੀ। ਸ਼ਾਹੀ ਪੱਤਰ ਦੇ ਉੱਤਰ ਵਿੱਚ ਗੁਰੂ ਜੀ ਨੇ ਫ਼ਾਰਸੀ ਕਵਿਤਾ ਵਿੱਚ ਇੱਕ ਲੰਮਾ ਪੱਤਰ ਲਿਖਿਆ, ਜਿਸ ਦਾ ਨਾਂ 'ਜ਼ਫ਼ਰਨਾਮਾ' (ਜਿੱਤ ਦਾ ਪੱਤਰ) ਰੱਖਿਆ ਗਿਆ। ਇਹ ਮਹਾਨ ਕਾਵਿ-ਪੱਤਰ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਵੱਲ ਭੇਜਿਆ ਗਿਆ। ਜਦ ਉਹ ਬਹੁਤ ਸਮਾਂ ਵਾਪਿਸ ਨਾ ਆਏ ਤਾਂ ਗੁਰੂ ਜੀ ਔਰੰਗਜੇਬ ਨੂੰ ਮਿਲਣ ਲਈ ਦਖਣ ਵਲ ਨੂੰ ਅਕਤੂਬਰ 1706 ਈ. ਵਿੱਚ ਆਪ ਰਵਾਨਾ ਹੋ ਗਏ।

ਫਰਵਰੀ 1707 ਈ ਵਿਚ ਜਦ ਗੁਰੂ ਜੀ ਬਘੇਰ ਦੇ ਨੇੜੇ ਪੁੱਜੇ ਤਾਂ ਬਾਦਸ਼ਾਹ ਦੇ ਦੇਹਾਂਤ ਦੀ ਖ਼ਬਰ ਮਿਲੀ ।ਔਰੰਗਜ਼ੇਬ ਦੀ ਮੌਤ ਪਿੱਛੋਂ ਬਹਾਦਰ ਸ਼ਾਹ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋ ਗਿਆ।ਆਗਰੇ ਵਿੱਚ ਗੁਰੂ ਜੀ ਬਹਾਦਰ ਸ਼ਾਹ ਨੂੰ ਮਿਲੇ। ਉਸ ਨੇ ਗੁਰੂ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ ਅਤੇ ਵੱਡਮੁੱਲਾ 'ਖਿਲਅਤ' ਪੇਸ਼ ਕੀਤਾ।ਗੁਰੂ ਜੀ ਵਜ਼ੀਰ ਖਾਂ ਨੂੰ ਦੰਡ ਦਿਵਾਉਣਾ ਚਾਹੁੰਦੇ ਸਨ ਪਰ ਉਹ ਇਸ ਗੱਲ ਨੂੰ ਟਾਲਦਾ ਰਿਹਾ। ਕਿਉਂਕਿ ਵਜ਼ੀਰ ਖ਼ਾਨ ਨੂੰ ਦੰਡ ਦੇਣ ਦਾ ਉਸ ਨੂੰ ਹੀਆ ਨਹੀਂ ਪੈਂਦਾ। ਉਹ ਚਾਹੁੰਦਾ ਸੀ ਕਿ ਆਪਣਾ ਰਾਜ ਚੰਗੀ ਤਰ੍ਹਾਂ ਸਥਾਪਤ ਕਰਕੇ ਕੋਈ ਅਜਿਹਾ ਕਦਮ ਉਠਾਏ।ਅੰਤ ਗੁਰੂ ਜੀ ਬਾਦਸ਼ਾਹ ਤੋਂ ਨਿਰਾਸ਼ ਹੋ ਕੇ ਉਸ ਦੀਆਂ ਫੌਜਾਂ ਨਾਲੋਂ ਵੱਖਰੇ ਹੋ ਕੇ ਨਾਦੇੜ ਚਲੇ ਗਏ।

ਨਾਦੇੜ ਵਿੱਚ ਰਹਿੰਦੇ ਇੱਕ ਸਾਧੂ ਬੈਰਾਗੀ ਲਛਮਨ ਦਾਸ ਜਾਂ ਮਾਧੋ ਦਾਸ ਨੂੰ ਗੁਰੂ ਜੀ ਨੇ ਪੂਰਨ ਮਰਯਾਦਾ ਅਨੁਸਾਰ ਅੰਮ੍ਰਿਤ ਛਕਾਇਆ ਅਤੇ 'ਬੰਦਾ ਸਿੰਘ' ਨਾਮ ਰੱਖਿਆ, ਜਿਸ ਦੀ ਉਮਰ 38 ਸਾਲ ਸੀ। ਫਿਰ ਉਸ ਨੂੰ ਥਾਪੜਾ ਜਾਂ ਅਸ਼ੀਰਵਾਦ ਦਿੱਤੀ ਤੇ ਕੁਝ ਸਿੰਘਾਂ ਦੇ ਨਾਲ ਪੰਜਾਬ ਵੱਲ ਰਾਜਸੀ ਕਰਤਵ ਦੀ ਪੂਰਤੀ ਲਈ ਭੇਜ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਆਤਮਕ ਸਹਾਇਤਾ ਲਈ ਬਖਸ਼ੇ ਅਤੇ ਹੋਰ ਵੀ ਧਾਰਮਿਕ ਉਪਦੇਸ਼ ਤੇ ਕ੍ਰਿਪਾ ਨਾਲ ਨਿਹਾਲ ਕੀਤਾ,ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਉਨ੍ਹਾਂ ਨੇ ਬੰਦਾ ਬਹਾਦਰ ਵਿੱਚ ਆਪਣੀ ਸਾਰੀ ਸੈਨਿਕ ਤੇ ਰਾਜਸੀ ਸ਼ਕਤੀ ਭਰ ਦਿੱਤੀ, ਜਿਸ ਨੇ ਭਾਰਤ ਦੀ ਹੋਣੀ ਅਤੇ ਇਤਿਹਾਸ ਬਦਲ ਕੇ ਰੱਖ ਦਿੱਤਾ।

ਗੁਰੂ ਜੀ ਨੇ ਸਰੀਰਕ ਅੰਤ ਨੇੜੇ ਜਾਣ ਕੇ ਕੱਤਕ ਸੁਦੀ ਪੰਜ 1765 ਬਿਕ੍ਰਮੀ (7 ਅਕਤੂਬਰ 1708 ਈ.) ਦੀ ਰਾਤ ਦੇ ਤੀਜੇ ਪਹਿਰ ਸਿੰਘਾਂ ਨੂੰ ਇਕੱਤਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਸਦਾ ਲਈ ਖ਼ਾਲਸੇ ਦਾ ਆਤਮਕ ਆਗੂ ਅਤੇ ਗੁਰੂ ਥਾਪ ਕੇ ਜੋਤੀ ਜੋਤ ਸਮਾ ਗਏ। ਇਸ ਪਵਿੱਤਰ ਸਥਾਨ 'ਤੇ 'ਸੱਚਖੰਡ ਸ੍ਰੀ ਹਜ਼ੂਰ ਸਾਹਿਬ' ਜਾਂ 'ਅਬਚਲ ਨਗਰ' ਦਾ ਪ੍ਰਸਿੱਧ ਗੁਰਦੁਆਰਾ ਅਤੇ ਤਖ਼ਤ ਸਾਹਿਬ ਸੁਸ਼ੋਭਿਤ ਹੈ।

ਪੰਜਾਬ ਆ ਕੇ ਬਾਬਾ ਬੰਦਾ ਸਿੰਘ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।ਖਾਲਸਾ ਰਾਜ ਕਾਇਮ ਕੀਤਾ। ਜਮੀਨ ਵਾਹੀਕਾਰ ਦੀ ਕਰ ਦਿੱਤੀ।ਭਾਵੇਂ ਕਿ ਉਹ ਆਪਣਾ ਰਾਜ ਕਾਇਮ ਨਾ ਰਖ ਸਕਿਆ ਪਰ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ।ਬਾਦ ਵਿਚ ਮਿਸਲਾਂ ਦਾ ਰਾਜ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਇਆ, ਜਿਸ ਨੇ ਅਫ਼ਗਾਨ ਹਮਲਾਵਰਾਂ ਦੇ ਹਮਲਿਆਂ ਤੋਂ ਭਾਰਤ ਨੂੰ ਛੁਟਕਾਰਾ ਦੁਆਇਆ। ਗੁਰੂ ਸਾਹਿਬਾਨ ਦੀਆਂ ਘਾਲਣਾ ਦਾ ਸਿੱਟਾ ਹੀ ਹੈ ਕਿ ਅੱਜ ਸਿੱਖ ਸਾਰੀ ਦੁਨੀਆਂ ਵਿਚ ਆਨੰਦਮਾਣ ਰਹਿ ਹਨ ਤੇ ਨਾਮਣਾ ਖੱਟ ਰਹਿ ਹਨ{



**ਡਾ.ਚਰਨਜੀਤ ਸਿੰਘ ਗੁਮਟਾਲਾ, 91 941753306**

# ਇੱਕ ਯੋਧਾ, ਇੱਕ ਸੰਤ, ਇੱਕ ਦਾਰਸ਼ਨਿਕ, ਇੱਕ ਕਵੀ ਅਤੇ ਇੱਕ ਗੁਰੂ - ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ, ਇੱਕ ਯੋਧਾ, ਇੱਕ ਸੰਤ, ਇੱਕ ਦਾਰਸ਼ਨਿਕ, ਇੱਕ ਕਵੀ ਅਤੇ ਇੱਕ ਗੁਰੂ, ਪਟਨਾ (ਬਿਹਾਰ) ਵਿੱਚ ਉਸ ਅਸਥਾਨ ਤੇ ਪੈਦਾ ਹੋਏ ਜਿੱਥੇ ਹੁਣ ਤਖਤ ਪਟਨਾ ਸਾਹਿਬ ਸਥਿਤ ਹੈ। ਉਹ ਬਚਪਨ ਵਿੱਚ ਗੋਬਿੰਦ ਰਾਏ ਦੇ ਨਾਂ ਨਾਲ ਜਾਣੇ ਜਾਂਦੇ ਸਨ।

9 ਸਾਲ ਦੀ ਉਮਰ ਵਿੱਚ, ਆਪਣੇ ਦੋਸਤਾਂ ਨਾਲ ਖੇਡਦੇ ਹੋਏ, ਗੁਰੂ ਜੀ ਨੇ ਔਰੰਗਜ਼ੇਬ ਦੁਆਰਾ ਲਗਾਏ ਗਏ ਜ਼ੁਲਮ ਅਤੇ ਜ਼ਬਰਦਸਤੀ ਧਰਮ ਪਰਿਵਰਤਨ ਤੋਂ ਸੁਰੱਖਿਆ ਦੀ ਮੰਗ ਕਰਦੇ ਹੋਏ, ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਦੀ ਨਿਰਾਸ਼ਾਜਨਕ ਬੇਨਤੀ ਸੁਣੀ। ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦਾ ਮਸਲਾ ਹੱਲ ਹੋ ਜਾਵੇਗਾ, ਪਰ ਇਸ ਲਈ ਇੱਕ ਸੰਤ ਦੀ ਕੁਰਬਾਨੀ ਦੀ ਲੋੜ ਸੀ। ਉਹ ਸੰਤ ਜਿਸ ਨੇ ਕਦੇ ਕੋਈ ਬੁਰਿਆਈ ਦਾ ਸ਼ਬਦ ਨਹੀਂ ਬੋਲਿਆ ਅਤੇ ਨਾ ਹੀ ਕੋਈ ਗਲਤ ਕੰਮ ਕੀਤਾ ਹੈ ਅਤੇ ਸਦਾ ਲਈ ਇਕ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੈ।

ਇਹ ਸੁਣ ਕੇ ਗੋਬਿੰਦ ਰਾਏ ਜੀ ਆਪਣੇ ਪਿਤਾ ਅਤੇ ਗੁਰੂ ਪ੍ਰਤੀ ਡੂੰਘੀ ਸ਼ਰਧਾ ਜ਼ਾਹਰ ਕਰਦੇ ਹੋਏ, ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਉਹਨਾਂ ਦੇ ਸਾਹਮਣੇ ਖੜੇ ਹੋ ਗਏ। ਉਹਨਾਂ ਨੇ ਕਿਹਾ, "ਗੁਰੂ-ਪਿਤਾ, ਇਸ ਸਮੇਂ ਇਸ ਧਰਤੀ 'ਤੇ ਤੁਹਾਡੇ ਤੋਂ ਵੱਧ ਪਵਿੱਤਰ ਕੋਈ ਨਹੀਂ ਹੈ। ਤੁਸੀਂ ਕਦੇ ਵੀ ਕਿਸੇ ਨੂੰ ਮਾੜਾ ਨਹੀਂ ਬੋਲਿਆ ਅਤੇ ਨਾ ਹੀ ਤੁਸੀਂ ਕੋਈ ਗਲਤ ਕੰਮ ਕੀਤਾ ਹੈ ਅਤੇ ਤੁਸੀਂ ਇੱਕ ਪ੍ਰਭੂ ਦੇ ਵਿਚਾਰਾਂ ਵਿੱਚ ਨਿਰੰਤਰ ਲੀਨ ਰਹਿੰਦੇ ਹੋ।" ਉਹਨਾਂ ਆਪਣੇ ਪਿਤਾ ਨੂੰ ਪੁੱਛਿਆ ਕਿ ਉਹ ਕਸ਼ਮੀਰੀ ਪੰਡਤਾਂ ਨੂੰ ਬਚਾਉਣ ਲਈ ਜਾ ਕੇ ਆਪਣਾ ਬਲੀਦਾਨ ਕਿਉਂ ਨਹੀਂ ਦਿੰਦੇ। ਇਸ ਨੌਂ ਸਾਲਾਂ ਦੇ ਗੋਬਿੰਦ ਰਾਏ ਦੇ ਬੋਲਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ।

"ਮਰਹੱਬਾ," ਗੁਰੂ ਤੇਗ ਬਹਾਦਰ ਜੀ ਨੇ ਖੁਸ਼ੀ ਨਾਲ ਕਿਹਾ। ਗੁਰੂ ਸਾਹਿਬ ਨੇ ਇਹ ਸੁਣ ਕੇ ਗਰਮਜੋਸ਼ੀ ਨਾਲ ਉਹਨਾਂ ਨੂੰ ਗਲੇ ਲਗਾਇਆ ਅਤੇ ਆਪਣੇ ਬੱਚੇ ਨਾਲ ਪਿਆਰ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਤੂੰ ਅਜਿਹੀ ਸਿਆਣਪ ਪ੍ਰਾਪਤ ਕੀਤੀ ਹੈ ਕਿ ਤੁਸੀਂ ਕਸ਼ਮੀਰੀ ਪੰਡਤਾਂ ਨੂੰ ਬਚਾਉਣ ਲਈ ਆਪਣੇ ਪਿਤਾ ਦੀ ਕੁਰਬਾਨੀ ਦੇਣ ਲਈ ਤਿਆਰ ਹੋ।" ਗੁਰੂ ਤੇਗ ਬਹਾਦਰ ਜੀ ਨੇ ਫਿਰ 9 ਸਾਲਾ ਗੋਬਿੰਦ ਰਾਏ ਨੂੰ ਗੁਰਤਾਗੱਦੀ ਸੌਂਪੀ, ਇਹ ਉਸ ਪਲ ਨੂੰ ਦਰਸਾਉਂਦਾ ਹੈ ਜਦੋਂ ਗੁਰੂ ਗੋਬਿੰਦ ਰਾਏ ਸਿੱਖ ਧਰਮ ਦੇ 10ਵੇਂ ਗੁਰੂ ਵਜੋਂ ਗੱਦੀ ਤੇ ਬੈਰਾਜਮਾਨ ਹੋਏ ਸਨ।

ਸਿੱਖ ਧਰਮ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਯੋਗਦਾਨ ਵਿਭਿੰਨ ਅਤੇ ਮਹੱਤਵਪੂਰਨ ਹੈ:

1699 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਵਿਸਾਖੀ ਦੇ ਤਿਉਹਾਰ ਦੌਰਾਨ, ਖਾਲਸਾ ਪੰਥ ਦੀ ਸਥਾਪਨਾ ਕੀਤੀ, ਜੋ ਕਿ ਅੰਮ੍ਰਿਤਧਾਰੀ ਸਿੱਖਾਂ ਦਾ ਇੱਕ ਸਤਿਕਾਰਯੋਗ ਭਾਈਚਾਰਾ ਹੈ। ਇਹ ਘਟਨਾ ਸਿੱਖ ਇਤਿਹਾਸ ਵਿੱਚ ਮਹੱਤਵਪੂਰਨ ਹੈ ਅਤੇ ਖਾਲਸੇ ਦੀ ਸਥਾਪਨਾ ਨੂੰ ਦਰਸਾਉਂਦੀ ਹੈ, ਜਿਸ ਨੇ ਸਿੱਖ ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੌਰਾਨ ਕਮਾਲ ਦੀ ਦੂਰਅੰਦੇਸ਼ੀ ਅਤੇ ਬੇਮਿ-ਸਾਲ ਅਗਵਾਈ ਦਾ ਪ੍ਰਦਰਸ਼ਨ ਕੀਤਾ। ਅਧਿਆਤਮਿਕ ਅਤੇ ਫੌਜੀ ਸੰਦਰਭਾਂ ਵਿੱਚ, ਚੁਣੌਤੀਆਂ ਦੀ ਭਵਿੱਖਬਾਣੀ ਕਰਨ ਅਤੇ ਹੱਲ ਪੇਸ਼ ਕਰਨ ਵਿੱਚ ਉਹਨਾਂ ਦੀ ਕੁਸ਼ਲਤਾ, ਖਾਲਸੇ ਦੀ ਸਥਾਪਨਾ ਅਤੇ ਜ਼ੁਲਮ ਵਿਰੁੱਧ ਲੜਾਈਆਂ ਦੌਰਾਨ ਉਸਹਨਾਂ ਦੇ ਵਿਹਾਰ ਵਿੱਚ ਸਪੱਸ਼ਟ ਹੈ।

ਸਾਹਿਤਕ ਯੋਗਦਾਨ: ਗੁਰੂ ਗੋਬਿੰਦ ਸਿੰਘ ਜੀ ਇੱਕ ਫੌਜੀ ਨੇਤਾ ਅਤੇ ਇੱਕ ਉੱਘੇ ਕਵੀ ਅਤੇ ਲੇਖਕ ਸਨ। ਦਸਮ ਗ੍ਰੰਥ ਅਤੇ ਹੋਰ ਲਿਖਤਾਂ ਵਿਚ ਉਹਨਾਂ ਦੀਆਂ ਰਚਨਾਵਾਂ ਉਹਨਾਂ ਦੀ ਬੇਮਿਸਾਲ ਕਾਵਿ ਪ੍ਰਤਿਭਾ ਅਤੇ ਡੂੰਘੀ ਦਾਰਸ਼ਨਿਕ ਸੂਝ ਨੂੰ ਦਰਸਾਉਂਦੀਆਂ ਹਨ। ਇਹਨਾਂ ਸਾਹਿਤਕ ਯੋਗਦਾਨ ਵਿੱਚ ਪ੍ਰਸਿੱਧ "ਚੰਡੀ ਦੀ ਵਾਰ" ਅਤੇ "ਜ਼ਫ਼ਰਨਾਮਾ" ਸ਼ਾਮਲ ਹਨ।

ਗੁਰੂ ਗੋਬਿੰਦ ਸਿੰਘ ਜੀ ਦੀ ਸਦੀਵੀ ਵਿਰਾਸਤ ਨਾ ਸਿਰਫ਼ ਉਨ੍ਹਾਂ ਦੇ ਜੰਗੀ ਸਾਹਸ ਵਿੱਚ, ਸਗੋਂ ਉਨ੍ਹਾਂ ਦੀ ਡੂੰਘੀ ਅਧਿਆਤਮਿਕਤਾ ਵਿੱਚ ਵੀ ਜੜ੍ਹੀ ਹੋਈ ਹੈ। ਉਹਨਾਂ ਦੀਆਂ ਸਿੱਖਿਆਵਾਂ ਨੇ ਨਿਆਂ ਦੀ ਮੰਗ ਕਰਨ, ਬਰਾਬਰੀ ਨੂੰ ਉਤਸ਼ਾਹਿਤ ਕਰਨ ਅਤੇ ਕਿਸੇ ਦੇ ਵਿਸ਼ਵਾਸ ਦੀ ਰੱਖਿਆ ਕਰਨ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸੂਝਵਾਨ ਦ੍ਰਿਸ਼ਟੀ, ਪਰਿਵਰਤਨਸ਼ੀਲ ਪਹਿਲਕਦਮੀਆਂ, ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਨਾਦਿ ਗੁਰੂ ਵਜੋਂ ਘੋਸ਼ਿਤ ਕਰਨਾ ਸਿੱਖ ਕਦਰਾਂ-ਕੀਮਤਾਂ ਅਤੇ ਸਿੱਖ ਕੌਮ ਦੀ ਭਲਾਈ ਲਈ ਉਨ੍ਹਾਂ ਦੇ ਸਮਰਪਣ ਨੂੰ ਉਜਾਗਰ ਕਰਦਾ ਹੈ। ਉਹਨਾਂ ਦਾ ਜੀਵਨ ਅਤੇ ਸਿੱਖਿਆਵਾਂ ਦੁਨੀਆ ਭਰ ਦੇ ਸਿੱਖਾਂ ਨੂੰ ਪ੍ਰੇਰਿਤ ਕਰਦੀਆਂ ਰਹਿੰਦੀਆਂ ਹਨ, ਅਤੇ ਉਹ ਸਿੱਖ ਇਤਿਹਾਸ ਵਿੱਚ ਇੱਕ ਬਹੁਤ ਹੀ ਸਤਿਕਾਰਤ ਗੁਰੂ ਵਜੋਂ ਮੰਨੇ ਜਾਂਦੇ ਹਨ। ਗੁਰੂ ਜੀ ਕੇਵਲ 42 ਸਾਲਾਂ ਲਈ ਸਰੀਰਕ ਰੂਪ ਵਿੱਚ ਮੌਜੂਦ ਸਨ, ਫਿਰ ਵੀ ਉਹਨਾਂ ਦਾ ਜੀਵਨ ਘਟਨਾਵਾਂ, ਹਿੰਮਤ ਅਤੇ ਜਿੱਤਾਂ ਨਾਲ ਭਰਪੂਰ ਸੀ। ਆਪਣੇ ਪਿਤਾ, ਮਾਤਾ ਅਤੇ ਚਾਰ ਬੱਚਿਆਂ ਦੇ ਨੁਕਸਾਨ ਨੂੰ ਸਹਿਣ ਦੇ ਨਾਲ-ਨਾਲ ਆਪਣਾ ਕਿਲਾ ਛੱਡਣ ਦੇ ਬਾਵਜੂਦ, ਉਹਨਾਂ ਮੁਗਲ ਔਰੰਗਜ਼ੇਬ ਦਾ ਸਿੱਧਾ ਸਾਹਮਣਾ ਕੀਤਾ।

ਗੁਰੂ ਸਾਹਿਬ ਦੇ ਬਚਪਨ ਦੀ ਗੱਲ ਕਰੀਏ ਤਾਂ ਉਹਨਾਂ ਦਾ ਜਨਮ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਦੇ ਗ੍ਰਹਿ ਵਿਖੇ ਪਟਨਾ ਸਾਹਿਬ ਬਿਹਾਰ ਵਿੱਚ ਮਾਤਾ ਗੁੱਜਰੀ ਜੀ ਦੀ ਸੁਲੱਖਣੀ ਕੁੱਖ ਤੋਂ 22 ਦਸੰਬਰ 1666 ਈਸਵੀ ਨੂੰ ਹੋਇਆ । ਆਪ ਜੀ ਦੇ ਪ੍ਰਕਾਸ਼ ਦਿਹਾੜੇ ਸਮੇ ਪਿਤਾ ਗੁਰੂ ਤੇਗ ਬਹਾਦਰ ਜੀ ਸਿੱਖੀ ਦੇ ਪ੍ਰਚਾਰ ਲਈ ਆਸਾਮ



ਅਤੇ ਬੰਗਾਲ ਦੇ ਲੰਮੇ ਦੌਰੇ ਤੇ ਨਿੱਕਲੇ ਹੋਏ ਸਨ। ਉਹਨਾਂ ਪੁੱਤਰ ਦੇ ਜਨਮ ਦੀ ਖ਼ੁਸ਼ਖ਼ਬਰੀ ਸੁਣਕੇ ਸਿੱਖਾਂ ਨੂੰ ਪਰਿਵਾਰ ਦੀ ਰੱਖਿਆ ਅਤੇ ਦੇਖ-ਭਾਲ਼ ਕਰਨ ਦਾ ਹੁਕਮਨਾਮਾ ਭੇਜਿਆ ਅਤੇ ਮਾਤਾ ਗੁੱਜਰੀ ਜੀ ਨੂੰ ਪੁੱਤਰ ਦਾ ਨਾਮ ਗੋਬਿੰਦ ਰਾਏ ਰੱਖਣ ਦਾ ਸੁਨੇਹਾ ਭੇਜਿਆ। ਜਨਮ ਉਪਰੰਤ ਆਪ ਜੀ ਦੇ ਦਰਸ਼ਨ ਕਰਨ ਲਈ ਮੁਸਲਿਮ ਫਕੀਰ ਪੀਰ ਭੀਖਣ ਸ਼ਾਹ ਜੀ ਲਖਨੌਰ ਤੋਂ ਚੱਲ ਕੇ ਆਏ। ਫਕੀਰ ਨੇ ਬਾਲ ਗੋਬਿੰਦ ਦੇ ਦਰਸ਼ਨ ਕਰਦਿਆਂ ਹੀ ਆਪ ਨੂੰ ਹਿੰਦੂ - ਮੁਸਲਮਾਨਾਂ ਦਾ ਸਾਂਝਾ "ਇਲਾਹੀ ਨੂਰ" ਆਖ ਕੇ ਸੁਲਾਹਿਆ। ਗੁਰੂ ਜੀ ਨੇ ਆਪਣੀ ਬਾਲ ਅਵਸਥਾ ਮਾਤਾ ਗੁੱਜਰੀ ਜੀ ਦੀ ਨਿੱਘੀ ਗੋਦ ਵਿੱਚ ਖੇਡ ਕੇ ਗੁਜ਼ਾਰੀ।

ਸਮਾਜ ਵੀਕਲੀ ਨਿਊਜ਼

1672 ਵਿੱਚ, ਗੋਬਿੰਦ ਰਾਏ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਚੱਕ ਨਾਨਕੀ (ਅਨੰਦਪੁਰ ਸਾਹਿਬ) ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਸੰਸਕ੍ਰਿਤ, ਪੰਜਾਬੀ, ਬ੍ਰਜ ਅਤੇ ਫਾਰਸੀ ਵਰਗੀਆਂ ਕਈ ਭਾਸ਼ਾਵਾਂ ਵਿੱਚ ਪੜ੍ਹਨ ਅਤੇ ਲਿਖਣ ਦੀ ਸ਼ੁਰੂਆਤੀ ਸਿੱਖਿਆ ਪ੍ਰਾਪਤ ਕੀਤੀ।

ਗੁਰੂ ਤੇਗ ਬਹਾਦਰ ਜੀ ਦੇ ਬਚਨਾਂ ਅਨੁਸਾਰ, ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ, ਸਪੁੱਤਰ ਗੋਬਿੰਦ ਰਾਏ ਮਾਰਚ ਵਿਸਾਖੀ 1676 ਨੂੰ ਦਸਵੇਂ ਸਿੱਖ ਗੁਰੂ ਬਣੇ ਅਤੇ "ਗੁਰੂ ਗੋਬਿੰਦ ਸਿੰਘ" ਵੱਜੋਂ ਜਾਣੇ ਗਏ। ਦਸਵੇਂ ਗੁਰੂ ਸਾਹਿਬ ਬਣਨ ਤੋਂ ਬਾਅਦ ਵੀ ਆਪ ਜੀ ਦੀ ਪੜ੍ਹਨ-ਲਿਖਣਾ ਦੀ ਸਿੱਖਿਆ ਜਾਰੀ ਰਹੀ। ਨਾਲ ਹੀ ਆਪ ਜੰਗੀ ਕਲਾਵਾਂ ਜਿਵੇਂ ਕਿ ਤਲਵਾਰਬਾਜ਼ੀ, ਤੀਰਅੰਦਾਜ਼ੀ ਅਤੇ ਘੋੜ ਸਵਾਰੀ ਵਿੱਚ ਵੀ ਮੁਹਾਰਤ ਹਾਂਸਿਲ ਕਰਦੇ ਰਹੇ। ਗੁਰੂ ਸਾਹਿਬ ਕੁਦਰਤੀ ਤੌਰ 'ਤੇ ਕਾਵਿਕ ਰਚਨਾ ਵਿਚ ਅਮੀਰ ਸਨ ਅਤੇ ਉਨ੍ਹਾਂ ਨੇ ਜਾਪ ਸਾਹਿਬ, ਚੰਡੀ ਦੀ ਵਾਰ, ਅਕਾਲ ਉਸਤਤਿ, ਸਵੈਯਾਂ ਸਮੇਤ ਬਹੁਤ ਸਾਰੀਆਂ ਮਹਾਨ ਰਚਨਾਵਾਂ ਲਿਖੀਆਂ ਜੋ ਸਿੱਖ ਗ੍ਰੰਥਾਂ ਅਤੇ ਅਰਦਾਸਾਂ ਦੇ ਪਵਿੱਤਰ ਅੰਗ ਹਨ।

ਉਨ੍ਹਾਂ ਨੇ ਜ਼ਿਆਦਾਤਰ ਰਚਨਾਤਮਕ ਸਾਹਿਤ ਅਤੇ ਕਵਿਤਾਵਾਂ ਪਾਉਂਟਾ ਵਿੱਚ ਹੀ ਲਿਖੀਆਂ ਜਿੰਨਾ ਦੁਆਰਾ ਆਪ ਨੇ ਪਰਮਪਿਤਾ ਪ੍ਰਮਾਤਮਾ ਪ੍ਰਤੀ ਪਿਆਰ ਦਰਸਾਇਆ, ਆਪਸ ਵਿੱਚ ਭਾਈਚਾਰਾ ਅਤੇ ਸਮਾਨਤਾ ਦੀ ਸਿਖਿਆ ਦਿੱਤੀ, ਅਤੇ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਪਾਉਂਟਾ ਵਿਖੇ ਇੱਕ ਕਿਲ੍ਹਾ ਬਣਵਾਇਆ ਅਤੇ ਆਪਣੀ ਫੌਜ ਨੂੰ ਵਧਾਉਣਾ ਜਾਰੀ ਰੱਖਿਆ। ਆਪ ਜੀ ਲਗਭਗ ਤਿੰਨ ਸਾਲ ਪਾਉਂਟਾ ਵਿਖੇ ਰਹੇ ਅਤੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਸਨ। ਆਪ ਜੀ ਦਾ ਵਿਆਹ ਮਾਤਾ ਜੀਤੋ ਜੀ ਨਾਲ ਜੂਨ 1677 ਨੂੰ ਬਸੰਤਗੜ੍ਹ ਵਿਖੇ ਹੋਇਆ। ਉਨ੍ਹਾਂ ਦੇ ਤਿੰਨ ਪੁੱਤਰ ਸਨ- ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ। ਅਪ੍ਰੈਲ, 1684 ਨੂੰ ਆਪ ਜੀ ਦਾ ਵਿਆਹ ਮਾਤਾ ਸੁੰਦਰੀ ਨਾਲ ਹੋਇਆ, ਜਿਨ੍ਹਾਂ ਤੋਂ ਇਕ ਪੁੱਤਰ ਅਜੀਤ ਸਿੰਘ ਨੇ ਜਨਮ ਲਿਆ। ਅਪ੍ਰੈਲ 1700 ਵਿਚ ਆਪ ਜੀ ਦਾ ਵਿਆਹ ਮਾਤਾ ਸਾਹਿਬ ਦੀਵਾਨ ਜੀ ਨਾਲ ਹੋਇਆ। ਸਿੱਖ ਧਰਮ ਵਿੱਚ ਮਾਤਾ ਸਾਹਿਬ ਦੀਵਾਨ ਜੀ ਨੇ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਿਭਾਈ। ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਮਾਤਾ ਵਜੋਂ ਘੋਸ਼ਿਤ ਕੀਤਾ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੁਆਰਾ 1699 ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਅਤੇ ਪਹਿਲੇ ਖ਼ਾਲਸਾ ਵਜੋਂ ਘੋਸ਼ਿਤ ਕੀਤਾ। ਆਪ ਜੀ ਨੇ ਫ਼ੇਰ, ਆਪਣੇ ਪੰਜ ਪਿਆਰਿਆਂ ਤੋਂ ਉਸੇ ਬਾਟੇ ਤੋਂ ਅੰਮ੍ਰਿਤ ਛਕਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੇ ਪੰਜ ਕੱਕਾਰਾਂ - ਕੇਸ਼, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਦੀ ਪਰੰਪਰਾ ਵੀ ਸ਼ੁਰੂ ਕੀਤੀ, ਜਿਸ ਨੂੰ ਖਾਲਸਾ ਸਿੱਖਾਂ ਨੂੰ ਹਰ ਸਮੇਂ ਪਹਿਨਣਾ ਜ਼ਰੂਰੀ ਹੈ।ਆਪ ਜੀ ਨੇ ਸਾਰੇ ਸਿੱਖਾਂ ਨੂੰ ਨਾਮ ਤੋਂ ਬਾਅਦ "ਸਿੰਘ" (ਸ਼ੇਰ) ਅਤੇ ਔਰਤਾਂ ਲਈ ਕੌਰ ("ਰਾਜਕੁਮਾਰੀ") ਉਪਨਾਮ ਦਿੱਤਾ। ਆਪ ਜੀ ਨੇ ਸਾਰਿਆਂ ਨੂੰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨਾਲ ਇੱਕ ਦੂਜੇ ਨੂੰ ਨਮਸਕਾਰ ਕਰਨ ਲਈ ਕਿਹਾ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਸਾਮਰਾਜ ਦੇ ਖਿਲਾਫ ਅਤੇ ਸ਼ਿਵਾਲਿਕ ਪਹਾੜੀਆਂ ਦੇ ਰਾਜਿਆਂ ਦੇ ਵਿਰੁੱਧ ਬਹੁਤ ਸਾਰੀਆਂ ਲੜਾਈਆਂ ਲੜੀਆਂ, ਜਿਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਹੇਠਾਂ ਦਿੱਤਾ ਗਿਆ ਹੈ।

ਭੰਗਾਣੀ ਦੀ ਲੜਾਈ (1689): ਆਪ ਜੀ ਨੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਵਿਰੁੱਧ ਜਿੱਤ ਪ੍ਰਾਪਤ ਕੀਤੀ।

ਨਾਦੌਣ ਦੀ ਲੜਾਈ (1690): ਰਾਜਾ ਭੀਮ ਚੰਦ ਦੀ ਬੇਨਤੀ ਦੇ ਜਵਾਬ ਵਿੱਚ, ਮੁਗਲਾਂ ਵਿਰੁੱਧ ਨਦੌਨ ਦੀ ਲੜਾਈ ਜਿੱਤੀ।

ਅਨੰਦਪੁਰ ਸਾਹਿਬ ਦੀ ਲੜਾਈ (1700): ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਸਾਂਝੀਆਂ ਫ਼ੌਜਾਂ ਵਿਰੁੱਧ ਅਨੰਦਪੁਰ ਸਾਹਿਬ ਦੀ ਲੜਾਈ ਲੜੀ। ਲੰਮੀ ਘੇਰਾਬੰਦੀ ਤੋਂ ਬਾਅਦ ਗੁਰੂ ਜੀ ਨੇ ਆਨੰਦਗੜ੍ਹ ਕਿਲ੍ਹਾ ਛੱਡ ਦਿੱਤਾ।

ਚਮਕੌਰ ਦੀ ਲੜਾਈ (1703): ਗੁਰੂ ਜੀ ਦੇ ਨਾਲ ਚਾਲੀ ਸਿੱਖ ਹਜ਼ਾਰਾਂ ਦੁਸ਼ਮਣਾਂ ਨਾਲ ਬਹਾਦਰੀ ਨਾਲ ਲੜੇ, ਅਤੇ ਸ਼ਹੀਦ ਹੋ ਗਏ। ਗੁਰੂ ਜੀ ਦੇ ਦੋ ਵੱਡੇ ਪੁੱਤਰ (2 ਸਾਹਿਬਜ਼ਾਦੇ) ਵੀ ਇਸ ਲੜਾਈ ਵਿੱਚ ਲੜਦੇ ਸ਼ਹੀਦ ਹੋ ਗਏ।

ਮੁਕਤਸਰ ਦੀ ਲੜਾਈ (1703): ਅਨੰਦਪੁਰ ਸਾਹਿਬ ਨੂੰ ਛੱਡਣ ਵਾਲੇ ਚਾਲੀ ਸਿੱਖ ਗੁਰੂ ਜੀ ਕੋਲ ਵਾਪਸ ਆ ਗਏ ਅਤੇ ਮੁਗਲ ਫੌਜ ਦੇ ਵਿਰੁੱਧ ਉਸਦੀ ਰੱਖਿਆ ਵਿਚ ਲੜਦੇ ਹੋਏ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਉਹ ਸ਼ਹੀਦ ਹੋ ਗਏ ਅਤੇ ਗੁਰੂ ਜੀ ਨੇ ਉਨ੍ਹਾਂ ਨੂੰ ਮੁਕਤਿਆਂ ਦੀ ਬਖਸ਼ਿਸ਼ ਕੀਤੀ।

ਗੁਰੂ ਗੋਬਿੰਦ ਸਿੰਘ ਦੇ ਚਾਰ ਪੁੱਤਰ, ਜਿਨ੍ਹਾਂ ਨੂੰ ਚਾਰ ਸਾਹਿਬਜ਼ਾਦੇ ਵਜੋਂ ਵੀ ਜਾਣਿਆ ਜਾਂਦਾ ਹੈ, ਉਹਨਾਂ ਦੇ ਜੀਵਨ ਕਾਲ ਦੌਰਾਨ ਸ਼ਹੀਦ ਹੋ ਗਏ ਸਨ। ਆਪ ਜੀ ਦੇ ਵੱਡੇ ਦੋ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ, ਦਸੰਬਰ 1704 ਵਿੱਚ ਚਮਕੌਰ ਦੀ ਮੁਗ਼ਲ ਫ਼ੌਜ ਦੇ ਖ਼ਿਲਾਫ਼ ਹੋਈ ਲੜਾਈ ਵਿੱਚ ਸ਼ਹੀਦ ਹੋਏ ਅਤੇ ਦੋ ਛੋਟੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਸਾ-ਹਬਜ਼ਾਦਾ ਜ਼ੋਰਾਵਰ ਸਿੰਘ ਨੂੰ, ਸਰਹਿੰਦ ਦੇ ਮੁਗਲ ਗਵਰਨਰ, ਵਜ਼ੀਰ ਖਾਨ ਦੁਆਰਾ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਕਰਕੇ ਜ਼ਿੰਦਾ ਕੰਧ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਤਿਮ ਦਿਨ ਨੰਦੇੜ ਵਿਖੇ ਬਿਤਾਏ। ਆਪਣੇ ਅਕਾਲ ਚਲਾਣੇ ਦਾ ਸਮਾਂ ਨੇੜੇ ਆਉਂਦਾ ਦੇਖ ਕੇ ਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਖਾਲਸਾ ਗੁਰੂ ਹਨ ਅਤੇ ਉਨ੍ਹਾਂ ਦੇ ਬਚਨਾਂ ਦੀ ਪਾਲਣਾ ਕੀਤੀ ਜਾਵੇ। ਸ਼੍ਰੀ ਗੁਰੂ ਗ੍ਰੰਥ ਸਾਹਿਬ ਹੀ ਹਰ ਕਿਸੇ ਨੂੰ ਪਰਮਾਤਮਾ ਨਾਲ ਜੋੜਨਗੇ । ਆਪ ਜੀ ਅਕਤੂਬਰ 1708 ਈ: ਨੂੰ ਜੋਤੀ ਜੋਤ ਸਮਾ ਗਏ।

1708 ਵਿੱਚ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਕੌਮ ਲਈ ਇੱਕ ਸਦੀਵੀ ਅਧਿਆਤਮਿਕ ਆਗੂ ਦੀ ਲੋੜ ਨੂੰ ਸਵੀਕਾਰ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦੇ ਸਦੀਵੀ ਗੁਰੂ ਵਜੋਂ ਘੋਸ਼ਿਤ ਕੀਤਾ। ਉਹਨਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਪ੍ਰਦਾਨ ਕੀਤੀ, ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਸਿੱਖਾਂ ਲਈ ਸਦੀਵੀ ਮਾਰਗਦਰਸ਼ਕ ਰੋਸ਼ਨੀ ਵਜੋਂ ਕੰਮ ਕਰੇਗਾ, ਸਿੱਖ ਅਧਿਆਤਮਿਕ ਲੀਡਰਸ਼ਿਪ ਦੇ ਇੱਕ ਵਿਲੱਖਣ ਅਤੇ ਅਗਾਂਹਵਧੂ ਸੋਚ ਵਾਲੇ ਤੱਤ ਨੂੰ ਉਜਾਗਰ ਕਰੇਗਾ। ਜੋ ਸਾਨੂੰ ਸ਼ਬਦਰੂਪੀ ਰੂਪ ਵਿਚ ਪ੍ਰਪਾਤ ਹੋਇਆ।

Surijt Singh Florai s a veteran journailst and freelance wirter basedi n Brampton, Canada

**SURJIT SINGH FLORA**
**6 Havelock Dirve,**
**Brampton, ON**
**L6W 4A5 Canada**
**647-829-9397**



## ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦਸਮ ਪਿਤਾ ਸੀ ਦਸਮ ਅਵਤਾਰ ਆਏ,
ਇਸ ਧਰਤੀ 'ਤੇ ਦਾਤਾ ਦਾਤਾਰ ਆਏ।
ਜ਼ਬਰ ਜ਼ੁਲਮ ਦੀ ਜੜ੍ਹ ਪੁੱਟਣ ਲਈ,
ਕੁੱਲ ਹਿੰਦ ਦੀ ਬਣ ਸਰਕਾਰ ਆਏ।
ਦਸਾਂ ਗੁਰਾਂ ਦਾ ਧਾਰ ਕੇ ਰੂਪ ਆਏ,
ਰੱਬੀ ਜੋਤਿ ਦਾ ਆਪ ਸਰੂਪ ਆਏ।
ਸੱਚੇ ਸਿੱਖ ਲਈ ਸੱਚੀ ਸਰਕਾਰ ਬਣ ਕੇ,
ਜ਼ਾਲਮ ਲਈ ਸੀ ਚੁੱਕ ਤਲਵਾਰ ਆਏ।
ਸੱਚੇ ਗੁਰੂ ਤੇ ਸੰਤ ਸਿਪਾਹੀ ਬਣ ਗਏ,
ਆਗੂ ਕੌਮ ਦੇ ਬਣ ਅਗਵਾਈ ਕਰ ਗਏ।
ਰੱਬੀ ਬਾਣੀ ਦਾ ਮੁੱਖੋਂ ਫੁਰਮਾਨ ਕਰਕੇ,
ਓਹਦੇ ਨਾਲ ਹੀ ਜੋਤਿ ਇਲਾਹੀ ਬਣ ਗਏ।
ਪੰਜਾਂ ਸਿੰਘਾਂ ਦੀ ਜਦੋਂ ਪਛਾਣ ਕੀਤੀ,
ਫੜ ਹੱਥ ਦੇ ਵਿੱਚ ਤਲਵਾਰ ਲੀਤੀ।
ਕੱਲੇ-ਕੱਲੇ ਨੂੰ ਤੰਬੂ ਵਿੱਚ ਲੈ ਜਾਂਦੇ ਨੇ,
ਮੁੜ ਆ ਜੈਕਾਰਾ ਛਡਾਉਂਦੇ ਨੇ।
ਸਿੰਘ ਸਾਜੇ ਤੇ ਸਿੰਘਾਂ ਨੂੰ ਰੂਪ ਦਿੱਤਾ,
ਖੁਦ ਆਪਣੇ ਵਾਲਾ ਸਰੂਪ ਦਿੱਤਾ।
ਪੰਜਾਂ ਕੱਕਿਆਂ ਨਾਲ ਸ਼ਿੰਗਾਰ ਕਰਕੇ,
ਗੁਰਾਂ ਸਿੱਖਾਂ ਨੂੰ ਸਿੰਘਾਂ ਦਾ ਰੂਪ ਦਿੱਤਾ।
ਖਾਤਿਰ ਹਿੰਦ ਸਰਬੰਸ ਕੁਰਬਾਨ ਕੀਤਾ,
ਕੁੱਲ ਖ਼ਲਕਤ ਨੇ ਆਉਣ ਸਲਾਮ ਕੀਤਾ।
ਪੁੱਤਰ ਚਾਰ ਸਰਬੰਸ ਦੇ ਬਣੇ ਵਾਲੀ,
ਕੁੱਲ ਹਿੰਦ ਦੀ ਰੱਖੀ ਜੋ ਸ਼ਾਨ ਆਲੀ।
ਪੁੱਤਾਂ ਵਾਰੇ ਜਦ ਮਾਂ ਸਵਾਲ ਕੀਤਾ,
ਸਤਿ ਗੁਰਾਂ ਨੇ ਆਉਣ ਫੁਰਮਾਨ ਕੀਤਾ।
ਪੁੱਤਰ ਚਾਰ ਸ਼ਹੀਦੀਆਂ ਪਾ ਗਏ ਨੇ,
ਲੱਖਾਂ ਪੁੱਤਾਂ ਦੇ ਤਾਈਂ ਬਚਾ ਗਏ ਨੇ।
ਮਸਲਾਂ ਵਿੱਚ ਸੰਸਾਰ ਦੇ ਬਹੁਤ ਬਣੀਆਂ,
ਇਕ ਅਨੋਖੀ ਮਸਾਲ ਦਸ਼ਮੇਸ਼ ਦੀ ਏ।
ਪੁੱਤਰ ਚਾਰ ਤੇ ਪਿਤਾ ਕੁਰਬਾਨ ਕਰਕੇ,
ਚੜ੍ਹਦੀ ਕਲਾ ਫੇਰ ਵੇਖ ਦਸ਼ਮੇਸ਼ ਦੀ ਏ।
ਸਵਾ ਲੱਖ ਨਾਲ ਇਕ ਲੜਾ ਗਏ ਨੇ,
ਕਲਾ ਆਪਣੀ ਖ਼ੂਬ ਦਿਖਾ ਗਏ ਨੇ।
ਚਿੜੀਆਂ ਪਾਸੋਂ ਉਹ ਬਾਜ ਤੁੜਵਾ ਗਏ ਨੇ,
ਗੋਬਿੰਦ ਸਿੰਘ ਜੋ ਨਾਮ ਕਹਾ ਗਏ ਨੇ।
ਸਤਿਗੁਰਾਂ ਨੇ ਫੇਰ ਫੁਰਮਾਨ ਦਿੱਤੇ,
ਗ੍ਰੰਥ ਸਾਹਿਬ ਨੂੰ ਗੁਰਾਂ ਦੇ ਮਾਣ ਦਿੱਤੇ।
ਗੁਰੂ ਮੰਨਣਾ ਸਿੱਖਾਂ ਨੂੰ ਹੁਕਮ ਕਰ ਗਏ,
ਡੇਰਾ ਆਪ ਸੰਸਾਰ ਤੋਂ ਕੂਚ ਕਰ ਗਏ।
ਦਸ ਬੰਧਾਂ ਤੋਂ ਅੱਗੇ ਵਰਾਮ ਦਿੰਦਾ,
ਸਤਿਗੁਰਾਂ ਨੂੰ ਫਤਿਹ ਸਲਾਮ ਦਿੰਦਾ।
ਸਤਿ ਸ਼੍ਰੀ ਅਕਾਲ ਅਕਾਲ ਹੈ ਓਹ,
ਬਨਾਰਸੀ ਦਾਸ ਜੋ ਬੋਲੂ ਨਿਹਾਲ ਹੈ ਉਹ।



**ਬਨਾਰਸੀ ਦਾਸ ਅਧਿਆਪਕ**
**ਰੱਤੇਵਾਲ**
**ਮੋ: 94635-05286**

## ਪੀਰਾਂ ਦਾ ਓ ਪੀਰ

ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ
ਮੇਰਾ ਬਾਜਾਂ ਵਾਲਾ ਸ਼ਹਿਨਸਾਹ ਮੇਰੇ ਪੀਰਾਂ ਦਾ ਓ ਪੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਮੇਰੇ ਕਲਗੀਆਂ ਵਾਲੇ ਨੇ ਪੂਰਾ ਸਰਬੰਸ ਵਾਰਿਆ ਏ
ਜਬਰ ਦਾ ਸਾਹਮਣਾ ਕੀਤਾ ਤੇ ਖੁਦ ਜੁਲਮ ਸਹਾਰਿਆ ਏ
ਏਦਾਂ ਰੱਤ ਵਹਾਈ ਗਈ ਜਿਉ ਵਗਦਾ ਹੋਵੇ ਪਿਆ ਨੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਨੌਂ ਸਾਲ ਦੀ ਉਮਰ ਚ ਤੁਸਾਂ ਨੇਂ ਪਿਤਾ ਸ਼ਹੀਦ ਕਰਵਾਏ
ਤੇ ਕਸ਼ਮੀਰੀ ਪੰਡਤਾਂ ਦੇ ਜੰਜੂ ਲਹਿੰਦੇ ਲਹਿੰਦੇ ਬਚਾਏ
ਖੁਦ ਰਾਜਾ ਮੇਰਾ ਗੋਬਿੰਦ ਤੇ ਖੁਦ ਹੀ ਰਿਹਾ ਵਜੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਮੇਰੇ ਸੱਚੇ ਪਾਤਸਾਹ ਤੂੰ ਤਾਂ ਤਾਰਿਆਂ ਦੇ ਵਿੱਚ ਚੰਨ
ਤੈਨੂੰ ਅਰਪਿਤ ਮੇਰਾ ਰੋਮ ਰੋਮ ਰੂਹ ਮੇਰੀ ਤੇ ਧੰਨ
ਉਸਦਾ ਕੋਈ ਨੀ ਸਾਨੀ ਹੋ ਸਕਦਾ ਹੈ ਤੇਰੀ ਜੋ ਤਾਸੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਵਲੀ ਹੋਵੇਗਾ ਕੈਸਾ ਓ ਜਿਸ ਵਾਰ ਦਿੱਤਾ ਪਰਿਵਾਰ
ਟੋਡਰ ਮੱਲ ਅਰਬਾਂ ਵਿੱਚ ਸੀ ਲਾਲਾਂ ਦਾ ਕੀਤਾ ਸਸਕਾਰ
ਜਿਸਦੇ ਚਾਰੇ ਲਾਲ ਨਈ ਸਾਰੇ ਸਿੰਘ ਸਨ ਜਾਗੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਮਿਆਨ ਚੋਂ ਕੱਢ ਕਿਰਪਾਨ ਨੂੰ ਮੰਗ ਲਏ ਗੁਰਾਂ ਨੇ ਸੀਸ
ਤਲੀਆਂ ਤੇ ਧਰ ਸੀਸ ਨੂੰ ਯੋਧੇ ਨਿਕਲੇ ਭੀੜ ਚੋਂ ਰੀਸੋ ਰੀਸ
ਗੁਰਾਂ ਦੇ ਚਰਨੀ ਜਾਨ ਪਰੋਸਤੀ ਵਿੱਚੋਂ ਮੌਤ ਨੂੰ ਚੀਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ!

ਲਾਲ ਦੋ ਖਾ ਗੀ ਗੜੀ ਚਮਕੌਰ ਦੀ ਤੇ ਦੋ ਸਰਹੰਦ ਦੀ ਦੀਵਾਰ
ਅਮਨ ਕੰਧਾਂ ਗੜੀਆਂ ਡੋਲੀਆਂ ਪਰ ਡੋਲੇ ਨਾ ਕਰਤਾਰ
ਪੰਥ ਦੀ ਬਣਕੇ ਆਪ ਮਲਾਹ ਤੂੰ ਪਾਰ ਕੀਤੀ ਪਤਵਾਰ
ਜੀਹਦੇ ਹੇਠ ਨੀਲਾ ਘੋੜਾ ਤੇ ਸੋਹੰਦਾ ਹੱਥ ਵਿੱਚ ਤੀਰ
ਮੇਰਾ ਬਾਜਾਂ ਵਾਲਾ ਸ਼ਹਿਨਸਾਹ ਮੇਰੇ ਪੀਰਾਂ ਦਾ ਓ ਪੀਰ!




**ਅਮਨ ਢਿੱਲੋਂ ਕਸੇਲ**
**ਬਾਬਾ ਬਕਾਲਾ ਸਾਹਿਬ**

## ਚਿੜੀਆਂ ਤੋਂ ਜਿਸ ਨੇ

ਗਿੱਦੜਾਂ ਤੋਂ ਸੀ ਜਿਸਨੇ ਸ਼ੇਰ ਬਣਾਏ।
ਚਿੜੀਆਂ ਤੋਂ ਜਿਸਨੇ ਬਾਜ ਤੁੜਾਏ।
ਮੁਰਦਾ ਰੂਹਾਂ ਦੇ ਵਿੱਚ,
ਜਿਸ ਜਾਨ ਹੈ ਪਾਈ।
ਅੱਜ ਗੁਰਪੁਰਬ ਦੀ ਹੋਵੇ,
ਸਭਨਾਂ ਨੂੰ ਵਧਾਈ।

ਬਾਜਾਂ ਵਾਲੇ ਪਿਤਾ ਦਾ ਨਾ,
ਕੋਈ ਜੱਗ ਤੇ ਸਾਨੀ।
ਧੰਨ ਹੈਂ ਤੂੰ ਦਾਤਿਆ ,
ਧੰਨ ਤੇਰੀ ਕੁਰਬਾਨੀ।
ਦੱਬੇ ਕੁਚਲੇ ਲੋਕਾਂ ਦੀ,
ਸੀ ਅਣਖ ਜਗਾਈ।
ਅੱਜ ਗੁਰਪੁਰਬ ਦੀ ਹੋਵੇ
ਸਭਨਾਂ ਨੂੰ ਵਧਾਈ।

ਭਗਤੀ ਤੇ ਸ਼ਕਤੀ ਨੂੰ ਜੋੜ ਕੇ,
ਭੈਅ ਮੁਕਤ ਤੂੰ ਕੀਤਾ।
ਨਾਸ ਜ਼ੁਲਮ ਦਾ ਕੀਤਾ ਜਿਸ ਨੇ,
ਤੇਰਾ ਅੰਮ੍ਰਿਤ ਪੀਤਾ।
ਆਪਣੇ ਹੱਕ ਤੇ ਫ਼ਰਜ਼ ਦੀ,
ਸੋਝੀ ਕਰਵਾਈ।
ਅੱਜ ਗੁਰਪੁਰਬ ਦੀ ਹੋਵੇ,
ਸਭਨਾਂ ਨੂੰ ਵਧਾਈ।

ਨਿਰਭੈਅ,ਨਿਰਵੈਰ ਖ਼ਾਲਸਾ,
ਨਾ ਡਰ ਕਿਸੇ ਦਾ ਮੰਨੇ।
ਪਰ ਵਧੀਕੀ ਨਾ ਸਹੇ,
ਮੂੰਹ ਜ਼ੁਲਮ ਦਾ ਭੰਨੇ।
ਸੀਸ ਤਲੀ ਰੱਖ ਲੜਨ ਦੀ,
ਸੀ ਜਾਚ ਸਿਖਾਈ।
ਅੱਜ ਗੁਰਪੁਰਬ ਦੀ ਹੋਵੇ
ਸਭਨਾਂ ਨੂੰ ਵਧਾਈ।



**ਅਮਰਜੀਤ ਕੌਰ ਮੋਰਿੰਡਾ**


# ਸਫਰ ਏ ਗੋਬਿੰਦ

ਬਾਣੀਂ ਪੜ੍ਹਦੇ ਸੁਣਦੇ ਆਂ,,ਕਦੇ ਅਸਰ ਵੀ ਕਰਕੇ ਦੇਖੋ
ਗੁਰੁ ਗੋਬਿੰਦ ਸਿੰਘ ਵਾਲਾ ਕੋਈ ਸਫਰ ਤਾਂ ਕਰਕੇ ਦੇਖੋ

ਗੌਬਿੰਦ ਦੀਆਂ ਫੌਜਾਂ ਕਹਿ ਕੇ,, ਕਰਦੇ ਬੁਰਾ ਸਲੂਕ ਬੜਾ
ਨਾ ਕੋਈ ਖ਼ਬਰ ਖੋਜ ਕਰਦੇ,,ਤੇ ਦਿੰਦੇ ਛੂਠ ਨੂੰ ਸਿਰੇ ਚੜ੍ਹਾ
ਆਪਣੀ ਤਾਕਤ ਦੇ ਜੋਰ ਵਈ,, ਸੱਚ ਦੇ ਹਸ਼ਰ ਕੀ ਕਰਤੇ ਦੇਖੋ
ਤੁਸੀ ਦਸਮੇਂ ਪਾਤਸ਼ਾਹ ਦਾ,, ਸੋਚਾਂ ਵਿੱਚ ਸਫਰ ਤਾਂ ਕਰਕੇ ਦੇਖੋ॥

ਨੌ ਸਾਲ ਦੀ ਉਮਰੇ  ਬਾਬਲ ਦੀ ਕੁਰਬਾਨੀ ਝੱਲੀ,
ਮੁਹਰੇ ਨੌਜਵਾਨ ਮਾਂ ਗੁਜਰੀ ਰਹਿਗੀ ਪੁੱਤਰ ਦੇ ਨਾਲ ਕੱਲੀ
ਮਾਤਾ ਗੁਜਰ ਕੌਰ ਵਰਗਾ,,ਕੋਈ ਸਬਰ ਤਾਂ ਕਰਕੇ ਦੇਖੋ
ਤੁਸੀ ਗੁਰੂ ਗੋਬਿੰਦ ਸਿੰਘ ਵਰਗਾ ਸੋਚਾਂ ਵਿੱਚ ਸਫਰ ਤਾਂ ਕਰਕੇ ਦੇਖੋ
ਬਾਣੀਂ ਤਾਂ ਪੜ੍ਹਦੇ ਹਾ ਥੋੜਾ ਅਸਰ ਵੀ ਕਰ ਕੈ ਦੇਖੋ

ਚਾਰ ਪੁੱਤ ਮਾਤਾ ਵਾਰ ਗਿਆ ਤੇ ਛੱਡਤਾ ਰਾਜ ਭਾਗ ਵੀ ਸਾਰਾ
ਇਹ ਪੁਤਰਾਂ ਦਾ ਦਾਨੀ ਏ ਗੂਰ ਗੋਬਿੰਦ ਸਿੰਘ ਪਿਆਰਾ
ਉਹਦੀ ਕੀਤੀ ਕੁਰਬਾਨੀ ਤੇ ਰੂਹ ਅੱਖਾਂ ਭਰ ਕੇ ਦੇਖੋ
ਜ਼ਰਾ ਦਸ਼ਮ ਪਿਤਾ ਵਰਗਾ ਸੋਚਾਂ ਵਿਚ ਸਫਰ ਤਾ ਕਰਕੇ ਦੇਖੋ
ਬਾਣੀਂ ਤਾਂ ਪੜ੍ਹਦੇ ਹਾਂ,ਜਰਾ ਅਸਰ ਵੀ ਕਰਕੇ ਦੇਖੋਂ,,



ਸਿਮਰਨ ਧੁੱਗਾ

# ਪ੍ਰਗਟਿਆ ਮਰਦ ਅਗੰਮੜਾ

ਪ੍ਰਗਟਿਆ ਮਰਦ ਅਗੰਮੜਾ,ਪੰਥ ਰੂਹਾਨੀ ਚਲਾ ਗਿਆ ,
ਖੰਡੇ ਬਾਟੇ ਦਾ ਪਾਹੁਲ ਛਕਾ ਕੇ ਜਾਤ-ਪਾਤ ਮੁਕਾ ਗਿਆ।

ਮਹਾਂਬਲੀ ਪਰਮ ਪਿਤਾ ਸੀ ਵੱਡੇ ਜੇਰੇ ਵਾਲੇ,
ਕੌਮ ਖ਼ਾਤਰ ਵਾਰ ਦਿੱਤੇ ਆਪਣੇ ਸਰਬੰਸ ਚਾਰੇ।
ਮੁਗਲਾਂ ਨਾਲ ਲੜਾਈ ਦੇ ਵਿੱਚ ਇੱਟ ਨਾਲ ਇੱਟ ਖੜਕਾਈ,
ਸੰਤ ਵੀ ਸਨ,ਮਹਾਨ ਯੋਧਾ, ਗ੍ਰਿਹਸਥੀ ਅਤੇ ਸੰਨਿਆਸੀ ਵੀ,
ਮਹਾਂਕਵੀ ਉਹ ਦਸਮ ਗ੍ਰੰਥ ਦੇ ਸਭ ਗੁਰੂਆਂ ਦੀ ਇੱਕ ਜੋਤ ਬਣਾਈ।

ਉਮਰ ਨਿੱਕੀ ਵਿੱਚ ਪਿਤਾ ਵਾਰਿਆ ਦੂਜੇ ਧਰਮ ਦੀ ਖ਼ਾਤਰ,
ਖਾਲਸਾ ਪੰਥ ਸਜਾ ਕੇ ਸਾਨੂੰ ਅਣਖ ਦਾ ਸਬਕ ਸਿਖਾਇਆ।
ਗੁੜ੍ਹਤੀ ਦਿੱਤੀ ਸਾਨੂੰ ਬਲਿਦਾਨ ਦੀ ਜ਼ੁਲਮ ਅੱਗੇ ਨਾ ਝੁਕਣਾ,
ਜ਼ੁਲਮੀ ਜਦ ਅੱਤ ਕਰ ਦੇਵੇ ਉਹਦਾ ਸਿਰ ਕਲਮ ਕਰਕੇ ਹੀ ਰੁਕਣਾ।

ਵਾਰੇ ਚਾਰ ਪੁੱਤ ਕੌਮ ਤੋਂ ਨਾਲੇ ਵਾਰਿਆ ਪਿਤਾ,
ਤੇਰੇ ਜਿਹਾ ਨਾ ਲੱਭਾ 'ਜੋਤੀ'ਨੂੰ ਅੱਜ ਤੱਕ ਕੋਈ ਸਰਬੰਸਦਾਨੀ।
ਧਰਮ ਦੀ ਖ਼ਾਤਰ ਦੇ ਦਿੱਤੀ ਆਪਣੀ ਵੀ ਕੁਰਬਾਨੀ।
ਵਾਹ!ਮੇਰੇ ਬਾਜਾਂ ਵਾਲਿਆ ਤੇਰਾ ਕੋਈ ਨਾ ਸਾਹਨੀ,ਤੇਰਾ ਕੋਈ ਨਾ ਸਾਹਨੀ।

ਜੋਤੀ ਭਗਤ
ਬਟਾਲਵੀ ਪੰਜਾਬੀ
ਅਧਿਆਪਕਾ
ਅਤੇ ਲੇਖਕਾ
8360597941



# ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਨੇ
ਕੌਮ ਦੀ ਖਾਤਿਰ ਸਾਰਾ ਪਰਿਵਾਰ ਵਾਰ ਦਿੱਤਾ
ਪਰ ਸਾਡੇ ਤੋਂ ਉਨ੍ਹਾਂ ਅਣਮੁੱਲੀਆਂ
ਸ਼ਹੀਦੀਆਂ ਦਾ ਮੁੱਲ ਤਾਰ ਨਹੀਂ ਹੋਇਆ
ਗੁਰੂ ਜੀ ਨੇ ਸਿੱਖਾਂ ਉਦੇਸ਼ ਦਿੱਤੇ
ਪਰ ਸਾਡੇ ਤੋਂ ਉਨ੍ਹਾਂ ਉਦੇਸ਼ਾਂ ਅਮਲ ਨਹੀਂ ਹੋਇਆ
ਗੁਰੂ ਜੀ ਨੇ ਸਾਨੂੰ ਦਿੱਤਾ ਏਕਤਾ ਦਾ ਸੰਦੇਸ਼
ਪਰ ਸਾਡੇ ਤੋਂ ਤਾਂ ਜਾਤਾਂ ਪਾਤਾਂ ਦੇ ਘੇਰੇ ਵਿੱਚ ਬਾਹਰ ਨਿਕਲਣਾ ਹੀ ਨਹੀਂ ਹੋਇਆ
ਛੋਟੀ ਉਮਰ ਵਿਚ ਸਾਹਿਬਜ਼ਾਦਿਆਂ ਨੇ ਦਿੱਤੀਆਂ ਵੱਡੀਆਂ ਕੁਰਬਾਨੀਆਂ
ਪਰ ਸਾਡੇ ਤੋਂ ਬੱਚਿਆਂ ਨੂੰ ਆਪਣੇ ਧਰਮ ਤੇ ਕੌਮ ਦਾ ਇਤਿਹਾਸ ਵੀ ਸਮਝਾ ਨਹੀਂ ਹੋਇਆ
ਗੁਰੂ ਜੀ ਨੇ ਸਾਨੂੰ ਦਿੱਤਾ ਆਪਣੀ ਸੰਤਾਨ ਮੰਨਿਆ
ਪਰ ਸਾਡੇ ਤੋਂ ਤਾਂ ਆਪਣੇ ਪਿਤਾ ਦੀ ਸ਼ਹੀਦੀ ਦਾ ਮੁੱਲ ਤਾਰ ਨਹੀਂ ਹੋਇਆ।



ਨਿੱਕੀ ਕੌਰ


# ਚੁੱਪ ਕਮਜ਼ੋਰੀ ਨਹੀਂ ਹੁੰਦੀ

ਚੁੱਪ ਕਦੀ ਵੀ ਕਮਜ਼ੋਰੀ ਨਹੀਂ ਹੁੰਦੀ। ਜੇਕਰ ਕੋਈ ਇਨਸਾਨ ਕਿਸੇ ਮਸਲੇ ਤੇ ਚੁੱਪ ਕਰ ਗਿਆ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਡਰ ਗਿਆ ਹੈ। ਹੋ ਸਕਦਾ ਹੈ ਉਹ ਸਹੀ ਮੌਕੇ ਦੀ ਤਲਾਸ਼ ਕਰ ਰਿਹਾ ਹੋਵੇ। ਹੋ ਸਕਦਾ ਹੈ ਉਹ ਬਿਨਾਂ ਵਜਾ ਤਲਖੀ ਵਿੱਚ ਹੀ ਨਾ ਆਉਣਾ ਚਾਹੁੰਦਾ ਹੋਵੇ। ਹੋ ਸਕਦਾ ਹੈ ਉਹ ਆਪਣਾ ਸਮਾਂ ਤੇ ਊਰਜਾ ਬਰਬਾਦ ਨਾ ਕਰਨੀ ਚਾਹੁੰਦਾ ਹੋਵੇ। ਪਰ ਜੇਕਰ ਉਸ ਨੂੰ ਬਾਰ-ਬਾਰ ਛੇੜਿਆ ਜਾਵੇ ਤਾਂ ਉਹ ਜਰੂਰ ਬੋਲੇਗਾ। ਕਈ ਵਾਰ ਅਸੀਂ ਕਿਸੇ ਨੂੰ ਬਿੱਲੀ ਸਮਝ ਲੈਂਦੇ ਹਾਂ ਭੁਲੇਖੇ ਵਿੱਚ ਉਹ ਸ਼ੇਰ ਵੀ ਹੋ ਸਕਦਾ ਹੈ।

ਕਿਸੇ ਦੀ ਚੁੱਪ ਉਸ ਦੀ ਕਮਜ਼ੋਰੀ ਨਹੀਂ ਹੁੰਦੀ। ਪਰ ਜੇਕਰ ਤੁਸੀਂ ਕਿਸੇ ਚੁੱਪ ਮਨੁੱਖ ਨੂੰ ਬਾਰ-ਬਾਰ ਛੇੜੋਗੇ ਤਾਂ ਯਕੀਨਨ ਜਦੋਂ ਉਹ ਬੋਲੇਗਾ ਤਾਂ ਤੁਸੀਂ ਖੜੇ ਹੋਣ ਜੋਗੇ ਨਹੀਂ ਰਹੋਗੇ। ਉਸਦੀ ਚੁੱਪ ਦੇ ਪਿੱਛੇ ਬਹੁਤ ਕੁਝ ਹੁੰਦਾ ਹੈ। ਇਹ ਕਦੀ ਨਾ ਸਮਝੋ ਕਿ ਉਸ ਕੋਲ ਬੋਲਣ ਲਈ ਕੁਝ ਨਹੀਂ ਹੈ। ਸ਼ਾਂਤ ਵਹਿੰਦੀ ਨਦੀ ਜਦੋਂ ਉਫਾਨ ਤੇ ਆਉਂਦੀ ਹੈ ਤਾਂ ਸਭ ਕੁਝ ਵਹਾ ਲੈ ਜਾਂਦੀ ਹੈ। ਇਸ ਗੱਲ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।

ਖਾਸ ਤੌਰ ਤੇ ਅਹੁਦਿਆਂ ਤੇ ਰੁਤਬਿਆਂ ਦੇ ਡਰਾਵਿਆਂ ਤੋਂ ਕੋਈ ਨਹੀਂ ਡਰਦਾ। ਇਹਨਾਂ ਅਹੁਦਿਆਂ ਤੇ ਰੁਤਬਿਆਂ ਦੇ ਪਰਦੇ ਤੋਂ ਪਿੱਛੇ ਤੁਸੀਂ ਕੀ ਹੋ ਇਹ ਮਹੱਤਵਪੂਰਨ ਹੈ। ਜੇਕਰ ਤੁਸੀਂ ਚੰਗੇ ਇਨਸਾਨ ਹੋ ਤਾਂ ਤੁਹਾਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ। ਜੇਕਰ ਤੁਸੀਂ ਸਹੀ ਹੋ ਤਾਂ ਤੁਹਾਨੂੰ ਨਾ ਡਰਨ ਦੀ ਲੋੜ ਹੈ ਤੇ ਨਾ ਡਰਾਉਣ ਦੀ। ਪਰ ਜੇਕਰ ਤੁਸੀਂ ਕਿਸੇ ਨੂੰ ਡਰਾਓਗੇ ਤਾਂ ਸਾਹਮਣੇ ਵਾਲਾ ਵੀ ਚੁੱਪ ਨਹੀਂ ਰਹੇਗਾ। ਇਸ ਨਾਲ ਮਸਲਾ ਉਲਝੇਗਾ। ਜੇ ਕੋਈ ਇੱਕ ਬੰਦਾ ਚੁੱਪ ਕਰਕੇ ਮਸਲੇ ਨੂੰ ਦੱਬਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਦੂਜੇ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਲਝਣ ਵਿੱਚ ਕੋਈ ਫਾਇਦਾ ਨਹੀਂ। ਜਦੋਂ ਦੋਵੇਂ ਧਿਰਾਂ ਬੋਲਦੀਆਂ ਹਨ ਤਾਂ ਆਪਣੇ ਹੀ ਪਾਜ਼ ਉਘੇੜਦੀਆਂ ਹਨ। ਲੋਕਾਂ ਨੂੰ ਮੁਫਤ ਵਿੱਚ ਤਮਾਸ਼ਾ ਦੇਖਣ ਦਾ ਮੌਕਾ ਮਿਲਦਾ ਹੈ। ਚਾਰ ਬੰਦੇ ਇੱਕ ਧਿਰ ਨਾਲ ਹੋ ਜਾਂਦੇ ਹਨ ਤੇ ਚਾਰ ਦੂਜੀ ਨਾਲ। ਤਮਾਸ਼ਾ ਵੇਖਣ ਵਾਲਿਆਂ ਨੇ ਤਾਂ ਕਹਿਣਾ ਹੀ ਹੁੰਦਾ ਹੈ ਕਿ ਤੁਸੀਂ ਦੱਬ ਦਿਓ ਅਸੀਂ ਤੁਹਾਡੇ ਨਾਲ ਹਾਂ। ਇੱਕ ਸੁਲਝੇ ਹੋਏ ਇਨਸਾਨ ਦੀ ਪਛਾਣ ਇਹੀ ਹੈ ਕਿ ਉਹ ਨਾ ਕਿਸੇ ਤੋਂ ਡਰਦਾ ਹੈ ਤੇ ਨਾ ਕਿਸੇ ਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਹੈ। ਇੱਥੇ ਇਹ ਵੀ ਦੱਸ ਦੇਣਾ ਜਰੂਰੀ ਹੋ ਜਾਂਦਾ ਹੈ ਕਿ ਇੱਕ ਸਹੀ ਇਨਸਾਨ ਕਦੇ ਨਹੀਂ ਡਰਦਾ। ਜਿਹੜਾ ਬੰਦਾ ਆਪਣਾ ਕੰਮ ਸਹੀ ਤਰੀਕੇ ਨਾਲ ਕਰਦਾ ਹੈ ਉਸ ਨੂੰ ਕਿਸੇ ਕਿਸਮ ਦਾ ਡਰ ਨਹੀਂ ਹੁੰਦਾ। ਕਈ ਵਾਰ ਦਬਕੇ ਦੇ ਚੱਕਰ ਵਿੱਚ ਤੁਸੀਂ ਸੁੱਤੀ ਕਲਾ ਜਗਾ ਲੈਂਦੇ ਹੋ।

ਚੁੱਪ ਸਭ ਤੋਂ ਵੱਡਾ ਹਥਿਆਰ ਹੈ। ਪਰ ਤੁਹਾਡੀ ਚੁੱਪ ਦੇ ਬਾਵਜੂਦ ਜੇ ਸਾਹਮਣੇ ਵਾਲਾ ਨਾ ਟਿਕੇ ਤਾਂ ਫਿਰ ਬੋਲਣਾ ਜਰੂਰੀ ਹੋ ਜਾਂਦਾ ਹੈ ਤੇ ਬੋਲਣਾ ਚਾਹੀਦਾ ਵੀ ਹੈ।



ਹਰਪ੍ਰੀਤ ਕੌਰ ਸੰਧੂ

# ਮਾਤਾ ਸਵਿੱਤਰੀ ਬਾਈ ਫੂੱਲੇ ਜੀ ਦਾ ਜਨਮ ਦਿਨ ਡਾ ਬੀ ਆਰ ਅੰਬੇਡਕਰ ਪਾਰਕ ਹਦੀਆਬਾਦ ਵਿਖੇ ਮਨਾਇਆ ਗਿਆ







**ਫਗਵਾੜਾ (ਚਰਨਜੀਤ ਸੱਲ੍ਹਾ )** ਕਰਾਂਤੀਜੋਤ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮਦਿਨ ਡਾ ਬੀ ਆਰ ਅੰਬੇਡਕਰ ਪਾਰਕ ਹਦੀਆਵਾਦ ਵਿੱਚ ਡਾ ਬੀ ਆਰ ਅੰਬੇਡਕਰ ਵੈਲਫੇਅਰ ਸੋਸਾਇਟੀ ਵਲੋ ਚੇਅਰਮੈਨ ਰਮੇਸ਼ ਕੌਲ ਪ੍ਰਧਾਨ ਸ਼੍ਰੀਮਤਿ ਸੀਤਾ ਕੋਲ ਦੀ ਅਗਵਾਈ ਵਿੱਚ ਮਨਾਇਆ ਗਿਆ ਇਸ ਇਤਿਹਾਸਕ ਦਿਵਸ ਤੇ ਮਾਨਯੋਗ ਮਹਾਂਪੁਰਸ਼ ਦੀਨਾ ਭਾਨਾ ਜੀ ਜਿਹਨਾ ਦਾ ਵੱਡਾ ਯੋਗਦਾਨ ਸਾਹਿਬ ਕਾਂਸ਼ੀਰਾਮ ਰਾਮ ਜੀ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਸੋਚ ਨਾਲ ਜਾਤਪਾਤ ਦਾ ਬੀਜ ਨਾਸ਼ ਕਿਤਾਬ ਦਿੱਤੀ ਉਹਨਾ ਬਾਮਸੇਫ ਦਾ ਸੰਗਠਨ ਬਣਾਉਣ ਵਿਚ ਰਲ ਕੰਮ ਕੀਤਾ ਉਹਨਾ ਸਟੈਚੂ ਡਾ ਬੀ ਆਰ ਅੰਬੇਡਕਰ ਪਾਰਕ ਹਦੀਆਵਾਦ ਵਿੱਚ ਲਗਾਇਆ ਗਿਆ ਇਸ ਸਟੈਚੂ ਦੀ ਸੇਵਾ ਸਤਿਕਾਰਯੋਗ ਧਰਮ ਪਾਲ ਨਾਹਰ ਯੂ ਕੇ ਚੇਅਰਮੈਨ ਭਗਵਾਨ ਬਾਲਮੀਕ ਟਰੱਸਟ ਲੰਡਨ ਯੂ ਕੇ ਦੁਆਰਾ ਕੀਤਾ ਗਿਆ। ਸੋਹਣ ਸਹਿਜਲ ਜੀ ਨੇ ਆਪਣੀਆਂ ਕਵਿਤਾ ਰਾਹੀਂ ਮਿਸ਼ਨਰੀ ਭਾਵਨਾ ਦਾ ਪ੍ਰਗਟਾਵਾ ਕੀਤਾ।ਲੇਖ ਰਾਜ ਅਤੇ ਹੋਰ ਬਹੁਤ ਸਾਰੇ ਵਰਕਰ ਸ਼ਾਮਿਲ ਹੋਏ।ਡਾ ਬੀ ਆਰ ਅੰਬੇਡਕਰ ਵੈਲਫੇਅਰ ਸੋਸਾਇਟੀ ਨੇ ਉਹਨਾ ਬਹੁਤ ਬਹੁਤ ਧੰਨਵਾਦ ਕੀਤਾ

**ਵਲੋ ਰਮੇਸ਼ ਕੌਲ ਚੇਅਰਮੈਨ**

**9855421664**




for more news visit:
**www.samajweekly.com**

# ਸਾਹਿਤ ਸਮਾਜ

06/01/2025

## ਤੁਸੀ ਤਾਂ ਹੁਣ ਸਹਿਰੀਏ ਹੋਗੇ



ਵਾਹਵਾ ਪੁਰਾਣੀ ਗੱਲ ਹੈ ਉਦੋ ਅਸੀ ਪਿੰਡ ਘੁਮਿਆਰਾ ਛੱਡ ਕੇ ਨਵੇ ਨਵੇ ਸਓਹਿਰੀਏ ਬਣੇ ਸੀ। ਸਹਿਰ ਆਉਣ ਤੋ ਮਹੀਨਾ ਕੁ ਬਾਅਦ ਮੈ ਪਿੰਡ ਗਿਆ ਤਾਂ ਮੇਰੀ ਗੁਆਂਢੀ ਤਾਈ ਸੁਰਜੀਤ ਕੁਰ ਨੇ ਮੈਨੂੰ ਬੁਕੱਲ ਵਿੱਚ ਲੈ ਲਿਆ ਅਤੇ ਦੋਹਾਂ ਹੱਥਾਂ ਨਾਲ ਮੇਰਾ ਸਿਰ ਵੀ ਪਲੂਸਿਆ। ਅਸੀਸਾਂ ਦੀ ਝੜ੍ਹੀ ਲਾ ਦਿੱਤੀ। ਵੇ ਪੁੱਤ ਤੁਸੀ ਤਾਂ ਹੁਣ ਸਹਿਰੀਏ ਹੋ ਗਏ। ਬਾਹਲੇ ਰੁੱਖੇ ਹੋ ਗਏ। ਤਾਈ ਨੇ ਮਿੱਠਾ ਉਲਾਂਭਾ ਵੀ ਦਿੱਤਾ। ਕਿਉਕਿ ਸਹਿਰ ਆਕੇ ਅਸੀ ਕਈ ਦਿਨ ਪਿੰਡ ਗੇੜਾ ਹੀ ਨਾ ਮਾਰ ਸਕੇ। ਸਦੀਆਂ ਦੀਆਂ ਸਾਂਝਾ ਸਨ ਸਾਡੀਆਂ ਉਸ ਪਿੰਡ ਨਾਲ। ਖਾਸਕਰ ਗਲੀ ਗੁਆਂਢ ਨਾਲ।ਪਿੰਡਾਂ ਵਿੱਚ ਕੁਝ ਮੋਹ ਪਿਆਰ ਅਤੇ ਅਪਨੱਤ ਕੁਝ ਜਿਆਦਾ ਹੀ ਹੁੰਦੀ ਹੈ। ਲੋਕ ਜਾਤ ਪਾਤ ਬਿਰਾਦਰੀ ਤੋਂ ਉਪਰ ਉਠਕੇ ਆਪਸ ਵਿੱਚ ਵਰਤਦੇ ਹਨ। ਪਿੰਡਾਂ ਦੇ ਲੋਕਾਂ ਦਾ ਆਪਸੀ ਵਰਤ ਵਰਤਾਵਾ ਸਹਿਰਾਂ ਦੇਲੋਕਾਂ ਨਾਲੋ ਕੁਝ ਜਿਆਦਾ ਹੀ ਹੁੰਦਾ ਹੈ। ਸਹਿਰੀ ਲੋਕਾਂ ਨੂੰ ਆਮ ਕਰਕੇ ਰੁੱਖੇ ਅਤੇ ਮਤਲਬੀ ਹੀ ਗਿਣਿਆਂ ਜਾਂਦਾ ਹੈ।ਉਸ ਸਮੇ ਮੈ ਤਾਈ ਦੀ ਗੱਲ ਨੂੰ ਬਹੁਤਾ ਨਾ ਗੋਲਿਆ। ਪਰ ਹੁਣ ਸਮੇ ਅਤੇ ਆਦਤਾਂ ਦੇ ਬਦਲਣ ਨਾਲ ਰਹਿਣੀ ਸਹਿਣੀ ਵਿੱਚ ਬਹੁਤ ਤਬਦੀਲੀ ਆਈ ਹੈ। ਤਾਈ ਸੱਚ ਹੀ ਕਹਿੰਦੀ ਸੀ ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।

ਨਿੱਕੇ ਹੁੰਦੇ ਜਦੋ ਸਵੇਰੇ ਉਠਦੇ ਤਾਂ ਚਾਹ ਦੇ ਗਿਲਾਸ ਨਾਲ ਚੁੱਲ੍ਹੇ ਦੀ ਅੱਗ ਤੇ ਗਰਮ ਕੀਤੀਆਂ ਰਾਤ ਵਾਲੀਆਂ ਰੋਟੀਆਂ ਮਿਲਦੀਆਂ। ਗਰਮ ਰੋਟੀ ਨੂੰ ਘਿਓ ਦੇ ਚਮਚ ਨਾਲ ਚੋਪੜਕੇ ਉਪਰ ਲੂਣ ਮਿਰਚ ਭੁੱਕ ਲੈਂਦੇ । ਸੱਚੀ ਉਹ ਰੋਟੀਆਂ ਬਿਸਕੁਟਾਂ ਨਾਲੋ ਵੀ ਵੱਧ ਸੁਆਦ ਲੱਗਦੀਆਂ। ਇਹੀ ਸਾਡਾ ਨਾਸਓਤਾ ਹੁੰਦਾ ਸੀ। ਜਿਸ ਦਿਨ ਬੇਹੀਆਂ ਰੋਟੀਆਂ ਨਾ ਹੁੰਦੀਆਂ ਜਾ ਮਾਂ ਜਿਆਦਾ ਮਿਹਰਬਾਨ ਹੁੰਦੀ ਉਹ ਤਿੰਨ ਚੁੰਡੇ ਚਾਰ ਪਰਤਾਂ ਵਾਲੇ ਪਰਾਂਉਠੇ ਬਣਾ ਦਿੰਦੀ ਨਮਕ ਮਿਰਚ ਪਾਕੇ।ਮੱਖਣ ਰੱਖਕੇ ਖਾਂਦੇ। ਪਰ ਹੁਣ ਪ੍ਰਾਠੁੰਠੇ ਨਹੀ ਕਾਗਜੀ ਪਰੋਂਠੀਆਂ ਬਣਦੀਆਂ ਹਨ। ਬ੍ਰੈਡ ਦੇ ਟੋਸਟ ਜਾਂ ਫਿਰ ਸੈਂਡਵਿੱਚ ਬਣਦੇ ਹਨ।ਕਦੇ ਕਦੇ ਤਾਂ ਨੂਡਲ ਪਾਸਤਾ ਵੀ ਬਣਦਾ ਹੈ। ਬਿਮਾਰੀ ਦਾ ਘਰ। ਉਹ ਗੱਲਾਂ ਨਹੀ ਰਹੀਆਂ । ਤਾਈ ਸੱਚ ਹੀ ਕਹਿੰਦੀ ਸੀ ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।

ਘਰੇ ਦੁੱਧ ਦਹੀ ਵਾਧੂ ਹੁੰਦਾ ਸੀ। ਮੱਖਣ ਅਤੇ ਦੇਸੀ ਘਿਉ ਦੇ ਪੀਪੇ ਭਰੇ ਰਹਿੰਦੇ। ਮਾਂ ਨੇ ਲੱਸੀ ਨੂੰ ਮੰਜੇ ਨਾਲ ਬੰਨੇ ਖੱਦਰ ਦੇ ਪੋਣੇ ਵਿੱਚ ਪਾਕੇ ਪੁਣ ਲੈਣਾ। ਫਿਰ ਪੋਣੇ ਨਾਲ ਲੱਗੇ ਗਾੜ੍ਹੇ ਪਨੀਰ ਨੂੰ ਲਾਹ ਕੇ ਉਬਲੇ ਹੋਏ ਆਲੂ ਪਾਕੇ ਵਧੀਆ ਰਾਇਤਾ ਪਾ ਲੈਂਦੇ ਸੀ। ਕਦੇ ਕਦੇ ਵੇਸਨ ਦੀਆਂ ਪਕੋੜੀਆਂ ਦਾ ਰਾਇਤਾ ਵੀ ਚਲ ਜਾਂਦਾ ਸੀ।ਹੁਣ ਵਧੀਆ ਦੁੱਧ ਲਿਆਕੇ ਦਹੀ ਜਮਾਉਂਦੇ ਹਾਂ। ਫਿਰ ਕਦੇ ਭੱਲਿਆਂ ਦਾ ਤੇ ਕਦੇ ਪਿਆਜ ਖੀਰਾ ਜਾ ਟਮਾਟਰ ਕੁਤਰ ਕੇ ਰਾਇਤਾ ਬਨਾਈਦਾ ਹੈ। ਕਈ ਵਾਰੀ ਮਿੱਠੀ ਚਟਨੀ ਤੇ ਭੁੰਨਿਆ ਜਓਿਰਾ ਵੀ ਪਾਈਦਾ ਹੈ ।ਪਰ ਰਾਇਤਾ ਕੋਣ ਖਾਂਦਾ ਹੈ ਅੱਜ ਕੱਲ। ਇਹ ਤਾਂ ਸਬਜੀਆਂ ਦੇ ਨਾਲ ਵਾਧੂ ਬਨਾਇਆ ਜਾਂਦਾ ਹੈ। ਸਵਾਦ ਬਦਲ ਗਏ ਹਨ। ਤਾਈ ਸੱਚ ਹੀ ਕਹਿੰਦੀ ਸੀ, ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।

ਦਿਨ ਚੜਦੇ ਹੀ ਮੇਰੀ ਮਾਂ ਘਰ ਦੀ ਸਫਾਈ ਕਰਦੀ ਤੇ ਕਈ ਵਾਰੀ ਤਾਂ ਮੱਝਾਂ ਦਾ ਗੋਹਾ ਕੂੜਾ ਵੀ ਆਪ ਕਰਦੀ। ਵੱਡੇ ਵੱਡੇ ਟੋਕਰੇ ਚੁੱਕ ਕੇ ਆਪਣੀ ਰੂੜੀ ਤੇ ਸੁਟਣ ਜਾਂਦੀ ਤੇ ਆਉਂਦੀ ਹੋਈ ਓਹੀ ਟੋਕਰਾ ਪਾਥੀਆਂ ਦਾ ਭਰਕੇ ਲਿਆਉਣਾ ਨਾ ਭੁੱਲਦੀ।ਤੇ ਇਸੇ ਗੇੜੇ ਵਿੱਚ ਉਹ ਆਪਣਾ ਜੰਗਲ ਪਾਣੀ ਦਾ ਕੰਮ ਵੀ ਨਿਪਟਾ ਆਉਂਦੀ। ਓਦੋ ਆਹ ਮੋਦੀ ਆਲੀ ਖੁੱਲ੍ਹੇ ਚ ਸੋਚ ਆਲੀ ਪਾਬੰਧੀ ਨਹੀ ਸੀ ਹੁੰਦੀ। ਫਿਰ ਵੀਹ ਵੀਹ ਘੜੇ ਪਾਣੀ ਦੇ ਲਿਆਉਦੀ ਸਿਰ ਤੇ ਚੁੱਕ ਕੇ। ਕਦੇ ਸਿਰ ਨਹੀ ਸੀ ਦੁਖਿਆ।ਨਾ ਹੀ ਸਾਨੂੰ ਕਦੇ ਪਾਣੀ ਵਰਤਣ ਤੋਂ ਵਰਜਿਆ ਸੀ। ਪਰ ਹੁਣ ਉਹ ਗੱਲਾਂ ਨਹੀ ਰਹੀਆਂ। ਘਰੇ ਟੂਟੀ ਲੱਗੀ ਹੋਈ ਹੈ ਉਹ ਵੀ ਰਸੋਈ ਵਿੱਚ। ਕਦੇ ਪਾਣੀ ਦੀ ਸਮੱਸਿਆ ਨਹੀ ਆਈ। ਪਰ ਫਿਰ ਵੀ ਸਾਰਾ ਦਿਨ ਬਲੱਡ ਵਧਿਆ ਘਟਿਆ ਰਹਿੰਦਾ ਹੈ। ਤਾਈ ਸੱਚ ਹੀ ਕਹਿੰਦੀ ਸੀ ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।

ਪਿੰਡਾ ਵਿੱਚ ਕੋਈ ਨਾ ਕੋਈ ਗੁਆਢਣ ਕੋਲੀ ਚੁੱਕ ਕੇ ਆਈ ਹੀ ਰਹਿੰਦੀ, ਕਰਤਾਰ ਕੁਰੇ ਭੋਰਾ ਕੁ ਵਸਾਰ (ਹਲਦੀ) ਦੇਈ। ਖੰਡ ਦੀ ਕੋਲੀ ਉਧਾਰੀ ਦੇ ਦੇ। ਕੀ ਬਣਾਇਆ ਹੈ ਅੱਜ ?ਤੇ ਅਸੀ ਵੀ ਕਿਸੇ ਨਾ ਕਿਸੇ ਦਰ ਤੇ ਖੜ੍ਹੇ ਹੀ ਹੁੰਦੇ। ਕਿਸੇ ਤੋ ਲਸਣ ਮੰਗ ਲਿਆਉਣੀ । ਕਿਸੇ ਤੋ ਹਰੇ ਗੰਢੇ ਤੇ ਕਿਸੇ ਤੋ ਲੱਸੀ।ਹੋਰ ਨਹੀ ਤਾਂ ਜਿਸ ਦਿਨ ਖੁਦ ਤੋ ਖੇਤ ਨਾ ਜਾਇਆ ਜਾਂਦਾ ਉਸ ਦਿਨ ਮੱਝ ਲਈ ਪੱਠੇ ਹੀ ਮੰਗ ਲਿਆਉਂਦੇ। ਮਤਲਬ ਸਾਡੀ ਹਰ ਇੱਕ ਨਾਲ ਦਾਲ ਕੌਲੀ ਦੀ ਸਾਂਝ ਸੀ। ਇਹ ਹੀ ਸਾਡੀ ਸਾਨ ਸੀ ਤੇ ਸਾਡੇ ਵਿਰਸੇ ਦਾ ਹਿੱਸਾ। ਇਸ ਵਿੱਚ ਮੰਗਣ ਵਾਲੇ ਨੂੰ ਵੀ ਖੁਸੀ ਹੁੰਦੀ ਸੀ ਤੇ ਦੇਣ ਵਾਲੇ ਨੂੰ ਵੀ। ਸਰਮ ਨਾਮ ਦੀ ਕੋਈ ਚੀਜ ਨਹੀ ਸੀ ਹੁੰਦੀ। ਪਰ ਹੁਣ ਤਾਂ ਕਿਸੇ ਘਰੋ ਕੁਝ ਲਿਆਉਣਾ ਵੀ ਸਾਨ ਦੇ ਖਿਲਾਫ ਹੈ ਤੇ ਲੈਣ ਵਾਲੇ ਦਾ ਨਖਰਾ ਹੀ ਨਹੀ ਝੱਲਿਆ ਜਾਂਦਾ।ਸਭ ਆਪਣੀ ਰੁੱਖੀ ਮਿੱਸੀ ਖਾਕੇ ਖੁਸ ਹਨ।ਕੋਈ ਕਿਸੇ ਦਾ ਖਾ ਕੇ ਰਾਜੀ ਨਹੀ ਤੇ ਨਾ ਕੋਈ ਕਿਸੇ ਨੂੰ ਦੇ ਕੇ ਰਾਜੀ ਹੈ। ਫਾਲਤੂ ਸਮਾਨ ਸੁੱਟ ਦੇਣਾ ਮੰਨਜੂਰ ਹੈ ਪਰ ਕੋਈ ਲੈਦਾ ਨਹੀ। ਸਾਰੇ ਹੀ ਰੁੱਖੇ ਹਨ। ਤਾਈ ਸੱਚ ਹੀ ਕਹਿੰਦੀ ਸੀ ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।

ਵਿਆਹ ਸਾਦੀ ਤੇ ਅਕਸਰ ਇੱਕ ਦੂਜੇ ਦੇ ਕਪੜੇ ਮੰਗ ਕੇ ਪਾ ਲੈਂਦੇ। ਇੱਕ ਕੁੜਤੇ ਪਜਾਮੇ ਨਾਲ ਕਈ ਵਿਆਹ ਵੇਖ ਲੈਂਦੇ। ਸਰਦੀ ਵਿੱਚ ਦੋ ਦੋ ਤਿੰਨ ਤਿੰਨ ਕਮੀਜਾਂ ਪਾ ਲੈਂਦੇ। ਕੋਈ ਸਰਮ ਨਹੀ ਸੀ। ਪਰ ਹੁਣ ਇੱਕ ਸੂਟ ਨਾਲ ਇੱਕ ਫੰਕਸਨ ਹੀ ਵੇਖਿਆ ਜਾਂਦਾ ਹੈ। ਦੂਜੇ ਫੰਕਸਨ ਲਈ ਦੂਜਾ ਸੂਟ।ਪੁਰਾਣਾ ਕਪੜਾ ਤਾਂ ਪਾਉਣਾ ਕੀ , ਦੂਜੀ ਵਾਰੀ ਪਾਉਣਾ ਵੀ ਸਾਨ ਦੇ ਖਿਲਾਫ ਸਮਝਿਆ ਜਾਂਦਾ ਹੈ।ਮੋਚੀ ਤੋ ਟਾਕੀਆਂ ਲਗਾਕੇ ਗੰਢਾਈ ਜੁੱਤੀ ਅਤੇ ਟਾਕੀਆਂ ਵਾਲੇ ਕੁੜਤੇ ਗਰੀਬੀ ਤਾਂ ਬਿਆਨ ਕਰਦੇ ਸਨ । ਹੁਣ ਗਰੀਬ ਦੀ ਪਹਿਚਾਣ ਹੀ ਬਦਲ ਗਈ। ਸਹਿਰੀਏ ਜੋ ਹੋ ਗਏ ਹਾਂ । ਤੇ ਤਾਈ ਸੱਚ ਹੀ ਕਹਿੰਦੀ ਸੀ ਵੇ ਤੁਸੀ ਤਾਂ ਹੁਣ ਸਹਿਰੀਏ ਹੋਗੇ।



**ਰਮੇਸ ਸੇਠੀ ਬਾਦਲ**
ਮੋ 98 766 27 233

# ਯਾਦਗਾਰੀ ਹੋ ਨਿੱਬੜਿਆ ਪ੍ਰਧਾਨ ਪਰਮਜੀਤ ਦਾ ਵਿਦਾਇਗੀ ਸਮਾਰੋਹ





**ਬੰਗਾ (ਚਰਨਜੀਤ ਸੱਲ੍ਹਾ)** :- ਐਫਸੀਆਈ ਵਿਭਾਗ ਤੋਂ ਜਥੇਬੰਦੀ ਦੇ ਪ੍ਰਧਾਨ ਪਰਮਜੀਤ ਕਰੀਹਾ ਸੇਵਾ ਮੁਕਤ ਹੋ ਗਏ । ਉਨ੍ਹਾਂ ਦੀ ਵਿਦਾਇਗੀ ਸਮਾਰੋਹ ਪਾਰਟੀ ਵਿੱਚ ਪ੍ਰਮੋਦ ਨਾਇਕ ਕੌਮੀ ਜਨਰਲ ਸਕੱਤਰ ਐਫਸੀਆਈ ਸ਼ਰਮਕ ਯੂਨੀਅਨ ਅਤੇ ਨਜ਼ੀਰ ਮੁਹੰਮਦ ਉੱਘੇ ਆਗੂ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੌਕੇ ਪ੍ਰਮੋਦ ਨਾਇਕ ਨੇ ਕਿਹਾ ਕਿ ਬੇਸ਼ੱਕ ਪ੍ਰਧਾਨ ਪਰਮਜੀਤ ਐਫਸੀਆਈ ਵਿਭਾਗ ਤੋਂ ਸੇਵਾ ਮੁਕਤ ਹੋ ਗਏ ਹਨ ਪਰ ਉਹ ਐਫਸੀਆਈ ਸ਼ਰਮਿਕ ਯੂਨੀਅਨ ਵਿੱਚ ਬਤੌਰ ਪ੍ਰਧਾਨ ਕੰਮ ਕਰਦੇ ਰਹਿਣਗੇ। ਉਨਾਂ ਨੇ ਪਰਮਜੀਤ ਦੇ ਪਰਿਵਾਰ ਨੂੰ ਬੇਨਤੀ ਕਰਦੇ ਹੋਏ ਕਿਹਾ ਕਿ ਉਹ ਇਸ ਗੱਲ ਦੀ ਪੁਸ਼ਟੀ ਕਰਨ ਕਿ ਪ੍ਰਧਾਨ ਪਰਮਜੀਤ ਭਵਿੱਖ ਵਿੱਚ ਵੀ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ ਇਸ ਮੌਕੇ ਪ੍ਰਧਾਨ ਪਰਮਜੀਤ ਨੇ ਪ੍ਰਮੋਦ ਨਾਇਕ ਨਾਲ ਵਾਅਦਾ ਕਰਦੇ ਹੋਏ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਤਨ, ਮਨ ਅਤੇ ਧਨ ਨਾਲ ਯੂਨੀਅਨ ਦੀ ਸੇਵਾ ਕਰਦੇ ਰਹਿਣਗੇ । ਉਹਨਾਂ ਕਿਹਾ ਕਿ ਉਹ ਗਰੀਬ ਅਤੇ ਇੱਕ ਮਜ਼ਦੂਰ ਪਰਿਵਾਰ ਤੋਂ ਉੱਠੇ ਹਨ ਅਤੇ ਮਜ਼ਦੂਰਾਂ ਦੀ ਹੱਕੀ ਮੰਗਾਂ ਲਈ ਆਪਣੀ ਰਹਿੰਦੀ ਜ਼ਿੰਦਗੀ ਸੰਘਰਸ਼ ਕਰਦੇ ਰਹਿਣਗੇ। ਇਸ ਮੌਕੇ ਜਗਤਾਰ ਸਿੰਘ ਕੌਮੀ ਜਨਰਲ ਸਕੱਤਰ ਨੇ ਵੀ ਆਪਣੇ ਵਿਚਾਰ ਪੇਸ਼ ਕਰਦੇ ਹੋ ਕਿਹਾ ਕਿ ਪਰਮਜੀਤ ਕਰੀਹਾ ਲੇਬਰ ਯੂਨੀਅਨ ਦੀ ਜਿੰਦ ਜਾਨ ਹਨ। ਉਨਾਂ ਅਤੇ ਪਰਮਜੀਤ ਕਰੀਹਾ ਨੇ ਮਿਲ ਕੇ ਮਜ਼ਦੂਰਾਂ ਦੇ ਹੱਕਾਂ ਲਈ ਕਈ ਵਾਰ ਸੰਘਰਸ਼ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਇਸ ਮੌਕੇ ਹਰੀ ਰਾਮ ਰਸੂਲਪੁਰੀ ਪੇਂਡੂ ਮਜ਼ਦੂਰ ਯੂਨੀਅਨ , ਤਰਸੇਮ ਸਿੰਘ ਮਜ਼ਦੂਰ ਆਗੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਐਫਸੀਆਈ ਡਿਪੂ ਦੇ ਰਿਟਾਇਰਡ ਅਤੇ ਹਾਜ਼ਰ ਮਜ਼ਦੂਰਾਂ ਨੂੰ ਗਰਮ ਸ਼ਾਲ ਅਤੇ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਪਰਮਜੀਤ ਕਰੀਹਾ ਤੇ ਉਨਾਂ ਦੀ ਧਰਮ ਪਤਨੀ ਜਸਵੀਰ ਕੌਰ ਨੂੰ ਫੁੱਲਾਂ ਅਤੇ ਰੁਪਈਆਂ ਦੇ ਹਾਰਾਂ ਨਾਲ ਲੱਦ ਕੇ ਉਹਨਾਂ ਦੇ ਰਿਸ਼ਤੇਦਾਰਾਂ ਨੇ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਨੰਦ ਲਾਲ, ਬਲਜੀਤ ਸਿੰਘ, ਹਰਪ੍ਰੀਤ ਬਾਲੂ, ਨੀਲਮ, ਹੁਸਨ ਲਾਲ, ਹੁਕਮ ਚੰਦ, ਕੇਵਲ ਕ੍ਰਿਸ਼ਨ, ਕਮਲਜੀਤ, ਸੀਤਾ, ਪਰਮਜੀਤ ਸ਼ਾਹ ਬਛੂਆ ਡੇਰਾ ਪ੍ਰਮੁੱਖ, ਸੰਤੋਖ ਰਾਮ ਸੁੰਡਾ, ਵਿਜੇ ਕੁਮਾਰ, ਸੀਤਲ , ਹਰੀ ਨੰਦਨ, ਰਾਮਚੰਦਰ, ਜੋਗਿੰਦਰ ਪਾਲ, ਹਰਦੀਪ ਸਿੰਘ ਰਈਆ ਆਦਿ ਵੀ ਹਾਜ਼ਰ ਸਨ।

# ਵੱਖ-ਵੱਖ ਜਥੇਬੰਦੀਆ ਵਲੋ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਯਾਦ ਕੀਤਾ

**ਗੜ੍ਹਸ਼ੰਕਰ ( ਬਲਵੀਰ ਚੌਪੜਾ )** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਇਕਾਈ ਗੜ੍ਹਸ਼ੰਕਰ ਦੀ ਦੇਖ ਰੇਖ ਹੇਠ ਮਿਡ ਡੇ ਮੀਲ ਵਰਕਰਾਂ,ਆਂਗਨਵਾੜੀ ਅਤੇ ਆਸ਼ਾ ਵਰਕਰਾਂ ਵੱਲੋਂ ਭਾਰਤ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕਾ ਸਵਿਤਰੀ ਬਾਈ ਫੂਲੇ ਦੇ ਜਨਮ ਦਿਨ 'ਤੇ ਉਸਦੀ ਸਹਿਯੋਗੀ ਅਧਿਆਪਕਾਂ ਬੀਬੀ ਫਾਤਿਮਾ ਸ਼ੇਖ ਨੂੰ ਸਾਂਝੇ ਤੌਰ 'ਤੇ ਯਾਦ ਕਰਕੇ ਵਿਚਾਰ ਗੋਸ਼ਟੀ ਕੀਤੀ ਗਈ। ਇਸ ਵਿਚਾਰ ਗੋਸ਼ਟੀ ਦੀ ਅਗਵਾਈ ਡੈਮੋਕ੍ਰੈਟਿਕ ਮਿਡ ਡੇ ਮੀਲ ਵਰਕਰ ਯੂਨੀਅਨ ਦੀਆ ਆਗੂਆਂ ਬਲਵਿੰਦਰ ਕੌਰ,ਕਮਲਾ ਦੇਵੀ ਅਤੇ ਆਸ਼ਾ ਵਰਕਰ ਯੂਨੀਅਨ ਦੀ ਆਗੂ ਮਹਿੰਦਰ ਕੌਰ ਚੱਕ ਸਿੰਘਾਂ ਨੇ ਸਾਂਝੇ ਤੌਰ ਤੇ ਕੀਤੀ।

ਇਸ ਸਮੇਂ ਵੱਖ-ਵੱਖ ਬੁਲਾਰਿਆ ਡੀਟੀਐਫ ਆਗੂ ਸੁਖਦੇਵ ਡਾਨਸੀਵਾਲ,ਭੁਪਿੰਦਰ ਸਿੰਘ ਸੜੋਆ,ਉਘੇ ਲੇਖਕ ਅਜਮੇਰ ਸਿੱਧੂ, ਪ੍ਰਿੰਸੀਪਲ ਬਿੱਕਰ ਸਿੰਘ, ਪ੍ਰਿੰਸੀਪਲ ਜਗਦੀਸ਼ ਰਾਏ, ਬਲਵਿੰਦਰ ਸਿੰਘ ਖਾਨਪੁਰ,ਕਰਨੈਲ ਸਿੰਘ ਮਾਹਲਪੁਰ ਨੇ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਸਵਿਤਰੀ ਬਾਈ ਫੂਲੇ ਨੇ ਆਪਣੇ ਪਤੀ ਜੋਤੀਬਾ ਫੂਲੇ ਦੇ ਅਗਾਂਹਵਧੂ ਸੋਚ ਅਤੇ ਉਹਨਾ ਦੇ ਦੋਸਤ ਉਸਮਾਨ ਸ਼ੇਖ ਅਤੇ ਫਾਤਿਮਾ ਸ਼ੇਖ ਦੀ ਸਹਾਇਤਾ ਦੇ ਨਾਲ ਲੜਕੀਆਂ ਦੀ ਸਿੱਖਿਆ ਲਈ ਜੋ ਕੰਮ ਕੀਤਾ ਗਿਆ ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਉਹਨਾ ਦੱਸਿਆ ਕਿ ਜਦੋਂ ਜੋਤੀਬਾ ਫੂਲੇ ਨੇ ਸਵਿਤਰੀ ਬਾਈ ਨੂੰ ਪੜਾਉਣ ਦੀ ਕੋਸ਼ਿਸ਼ ਕੀਤੀ ਉਹਨਾਂ ਦਾ ਵਿਰੋਧ ਘਰ ਤੋਂ ਸ਼ੁਰੂ ਹੋਇਆ ਤੇ ਘਰ ਤੋਂ ਕੱਢ ਦਿੱਤਾ ਗਿਆ ਹਾਂ ਇਸ ਜੋੜੀ ਨੂੰ ਜੋਤੀਬਾ ਫੂਲੇ ਦੇ ਦੋਸਤ ਉਸਮਾਨ ਸ਼ੇਖ ਅਤੇ ਉਸਦੀ ਭੈਣ ਫਾਤਿਮਾ ਸ਼ੇਖ ਨੇ ਆਪਣੇ ਘਰ ਵਿੱਚ ਆਸਰਾ ਦਿੱਤਾ ਤੇ ਉਸਮਾਨ ਸ਼ੇਖ ਦੇ ਘਰ ਵਿੱਚ ਪਹਿਲਾ ਲੜਕੀਆਂ ਲਈ ਸਕੂਲ ਖੋਲਿਆ ਗਿਆ ਤੇ ਹਿੰਦੂ ਮੁਸਲਿਮ ਏਕਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਜੋ ਰੂੜੀਵਾਦੀ ਲੋਕਾਂ ਨੂੰ ਪਸੰਦ ਨਹੀ ਸੀ। ਇਸ ਮੌਕੇ ਡੀ ਟੀ ਐਫ ਆਗੂ ਮੁਕੇਸ਼ ਕੁਮਾਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਿੱਖਿਆ ਦੇ ਨਿੱਜੀਕਰਨ ਅਤੇ ਬਜ਼ਾਰੀਕਰਨ ਦੇ ਕਾਰਨ ਸਿੱਖਿਆ ਆਮ ਲੋਕਾਂ ਤੋਂ ਖਾਸ ਕਰ ਲੜਕੀਆਂ ਤੋਂ ਦੂਰ ਕਰ ਦਿੱਤੀ ਗਈ ਹੈ।ਇਸ ਮੌਕੇ ਕਮਲਜੀਤ ਕੌਰ ਬਸਿਆਲਾ, ਪਿੰਕੀ ਰਸੂਲਪੁਰ,ਰਾਜ ਰਾਣੀ, ਸਵਿਤਰੀ ਦੇਵੀ,ਲਖਬੀਰ ਕੌਰ, ਇੰਦਰਜੀਤ ਕੌਰ,ਰਾਜ ਰਾਣੀ ਧਮਾਈ, ਬਲਜੀਤ ਕੌਰ, ਮਨਜੀਤ ਕੌਰ ਲੱਲੀਆ, ਚਰਨਜੀਤ ਕੌਰ ਗੜ੍ਹਸ਼ੰਕਰ, ਸੁਖਵਿੰਦਰ ਕੌਰ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਨਵਿਤਾ, ਰਣਜੀਤ ਕੌਰ,ਮੈਡਮ ਸੁਨੀਤਾ ਸਾਰਾ ਸਿੱਧੂ, ਸੀ ਐਚ ਟੀ ਰਾਮ ਸਰੂਪ ਸਿੰਘ, ਨਰਿੰਦਰ ਸਿੰਘ, ਦਵਿੰਦਰ ਸਿੰਘ, ਸੰਦੀਪ ਸਿੰਘ ਡਾਨਸੀਵਾਲ, ਗੁਰਮੇਲ ਸਿੰਘ, ਹਰਦੇਵ ਰਾਏ ਚੀਫ ਮੈਨੇਜਰ, ਪ੍ਰਿੰਸੀਪਲ ਦਲਵਾਰਾ ਸਿੰਘ, ਮਨਜੀਤ ਸਿੰਘ ਬੋੜਾ,ਦਲਵਿੰਦਰ ਸਿੰਘ,ਜੋਧਾ ਮਲ ਹੁਸ਼ਿਆਰਪੁਰ, ਅਮਰਜੀਤ ਸਿੰਘ ਬੰਗੜ,ਪਰਮਜੀਤ ਚੌਹੜਾ,ਰਮੇਸ਼ ਮਲਕੋਵਾਲ,ਸੰਜੀਵ ਕੁਮਾਰ ਪੀਟੀਆਈ ਟੀ ਆਈ, ਅਤੇ ਨਰੰਜਣ ਚਾਂਦਪੁਰ ਰੁੜਕੀ ਆਦਿ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ 24 ਜਨਵਰੀ ਤੱਕ ਯੋਗ ਵੋਟਰ ਫਾਰਮ ਭਰ ਕੇ ਆਪਣੀ ਵੋਟ ਜ਼ਰੂਰ ਬਣਾਉਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਾਨਯੋਗ ਗੁਰਦੁਆਰਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਣ ਵਾਲੇ ਸਮੂਹ 5 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣ ਹਲਕਾ 111-ਮੁਕੇਰੀਆਂ, 112-ਦਸੂਹਾ, 113-ਸ਼ਾਮਚੁਰਾਸੀ, 114-ਹੁਸ਼ਿਆਰਪੁਰ ਅਤੇ 115-ਗੜ੍ਹਸ਼ੰਕਰ ਦੀਆਂ ਵੋਟਰ ਸੂਚੀਆਂ ਦੀ ਮੁਢਲੀ ਪ੍ਰਕਾਸ਼ਨਾ ਡਿਪਟੀ ਕਮਿਸ਼ਨਰ ਦਫ਼ਤਰ, ਸਬੰਧਤ ਰਿਵਾਈਜਿੰਗ ਅਥਾਰਟੀਜ਼/ਰਿਟਰਨਿੰਗ ਅਧਿਕਾਰੀਆਂ ਦੇ ਦਫ਼ਤਰਾਂ, ਸਮੂਹ ਤਹਿਸੀਲ ਦਫ਼ਤਰਾਂ, ਪਟਵਾਰ ਸਰਕਲ ਦੇ ਪਟਵਾਰੀਆਂ ਦੇ ਦਫ਼ਤਰਾਂ ਅਤੇ ਸਮੂਹ ਨੋਟੀਫਾਇਡ ਸਿੱਖ ਗੁਰਦੁਆਰਿਆਂ ਵਿਚ ਮਿਤੀ 3 ਜਨਵਰੀ 2025 ਨੂੰ ਕਰਵਾ ਦਿੱਤੀ ਗਈ ਹੈ। 3 ਜਨਵਰੀ ਤੋਂ ਇਨ੍ਹਾਂ ਥਾਵਾਂ ’ਤੇ ਵੋਟਰ ਸੂਚੀਆਂ ਦੇਖਣ ਲਈ ਉਪਲਬਧ ਹੈ। ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਸਮੂਹ ਹਲਕਿਆਂ ਦੀ ਰਿਵਾਈਜਿੰਗ ਅਥਾਰਟੀਆਂ 111-ਮੁਕੇਰੀਆਂ (ਐਸ.ਡੀ.ਐਮ. ਮੁਕੇਰੀਆਂ, 112-ਦਸੂਹਾ (ਐਸ.ਡੀ.ਐਮ. ਦਸੂਹਾ), 113-ਸ਼ਾਮਚੁਰਾਸੀ (ਨਗਰ ਨਿਗਮ ਕਮਿਸ਼ਨਰ ਹੁਸ਼ਿਆਰਪੁਰ), 114-ਹੁਸ਼ਿਆਰਪੁਰ (ਐਸ.ਡੀ.ਐਮ. ਹੁਸ਼ਿਆਰਪੁਰ) ਅਤੇ 115-ਗੜ੍ਹਸ਼ੰਕਰ (ਐਸ.ਡੀ.ਐਮ. ਗੜ੍ਹਸ਼ੰਕਰ) ਵਲੋਂ ਡਰਾਫਟ ਵੋਟਰ ਸੂਚੀਆਂ ’ਤੇ ਦਾਅਵੇ ਅਤੇ ਇਤਰਾਜ ਮਿਤੀ 3 ਜਨਵਰੀ ਤੋਂ 24 ਜਨਵਰੀ 2025 ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਪ੍ਰਾਪਤ ਹੋਏ ਦਾਅਵੇ ਅਤੇ ਇਤਰਾਜਾਂ ਦਾ ਨਿਪਟਾਰਾ ਮਿਤੀ 5 ਫਰਵਰੀ 2025 ਤੱਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਨਜ਼ੂਰ ਹੋਏ ਦਾਅਵੇ ਅਤੇ ਇਤਰਾਜਾਂ ਦੇ ਮਸੌਦੇ/ਸਪਲੀਮੈਂਟ ਤਿਆਰ ਕਰਕੇ ਪ੍ਰਿੰਟਿੰਗ ਮਿਤੀ 24 ਫਰਵਰੀ 2025 ਤੱਕ ਕਰਵਾਈ ਜਾਵੇਗੀ ਅਤੇ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਮਿਤੀ 25 ਫਰਵਰੀ 2025 ਨੂੰ ਕਰਵਾਈ ਜਾਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਸੂਚੀਆਂ ਵਿਚ ਕੋਈ ਕਲੈਰੀਕਲ ਜਾਂ ਪ੍ਰਿੰਟਿੰਗ ਸਬੰਧੀ ਨੁਕਸ ਹੋਵੇ ਤਾਂ ਸਬੰਧਤ ਰਿਵਾਈਜਿੰਗ ਆਥਾਰਟੀ ਦੇ ਧਿਆਨ ਵਿਚ ਲਿਆਂਦੀ ਜਾਵੇ ਤਾਂ ਜੋ ਅੰਤਿਮ ਪ੍ਰਕਾਸ਼ਨਾ ਤੋਂ ਪਹਿਲਾਂ ਇਸ ਵਿਚ ਜ਼ਰੂਰੀ ਸੁਧਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਡਰਾਫ਼ਟ ਵੋਟਰ ਸੂਚੀ ਸਬੰਧੀ ਬਿਨੈਕਾਰ/ਇਤਰਾਜਕਰਤਾ ਆਪਣੇ ਦਾਅਵੇ/ਇਤਰਾਜ ਲਿਖਤੀ ਰੂਪ ਵਿਚ ਤਸਦੀਕ ਤੌਰ ’ਤੇ ਆਪਣੇ ਰਿਵਾਈਜਿੰਗ ਅਥਾਰਟੀ ਨੂੰ ਵਿਅਕਤੀਗਤ ਰੂਪ ਵਿਚ, ਲਿਖਤੀ, ਡਾਕ ਰਾਹੀਂ ਜਾਂ ਕਿਸੇ ਇਸ ਤਰ੍ਹਾਂ ਦੇ ਏਜੰਟ, ਜੋ ਕਿ ਲਿਖਤੀ ਤੌਰ ’ਤੇ ਮਨਜ਼ੂਰ ਹੋਣ, ਦੇ ਵਲੋਂ ਨਿਰਧਾਰਤ ਮਿਤੀ ਤੱਕ ਭੇਜ ਸਕਦੇ ਹਨ। ਕੇਵਲ ਉਹੀ ਵਿਅਕਤੀ, ਜਿਸ ਦੀ ਉਮਰ 21 ਸਾਲ ਜਾਂ ਇਸ ਤੋਂ ਉਪਰ ਹੋਵੇ ਅਤੇ ਜਿਸ ਦਾ ਨਾਮ ਇਸ ਚੋਣ ਹਲਕੇ ਦੀ ਵੋਟਰ ਸੂਚੀ ਵਿਚ ਪਹਿਲਾਂ ਤੋਂ ਦਰਜ ਹੋਵੇ, ਹੀ ਇਤਰਾਜ ਪੇਸ਼ ਕਰ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੀ ਹੁਣ ਤੱਕ ਵੋਟ ਨਹੀਂ ਬਣੀ ਹੈ, ਉਹ ਮਿਤੀ 24 ਜਨਵਰੀ 2025 ਤੱਕ ਫਾਰਮ ਭਰ ਕੇ ਅਪਣੀ ਵੋਟ ਜ਼ਰੂਰ ਬਣਵਾ ਲੈਣ।


# ਬੇਗਮਪੁਰਾ ਟਾਈਗਰ ਫੋਰਸ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਹੁਦੇ ਤੋਂ ਹਟਾਉਣ ਲਈ ਰਾਸ਼ਟਰਪਤੀ ਦੇ ਨਾਮ ਤੇ ਭੇਜਿਆ ਮੰਗ ਪੱਤਰ

## ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ ਅਪਮਾਨ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਬੀਰਪਾਲ, ਹੈਪੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਬੇਗਮਪੁਰਾ ਟਾਈਗਰ ਫੋਰਸ ਦੇ ਇੱਕ ਵਫਦ ਵੱਲੋਂ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹ-ਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਦੀ ਅਗਵਾਈ ਹੇਠ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿੱਚ ਸਵਿਧਾਨ ਦੇ ਰਚਾਇਤਾ ਮਾਨਯੋਗ ਡਾਕਟਰ ਬੀ ਆਰ ਅੰਬੇਡਕਰ ਜੀ ਦੀ ਸ਼ਾਨ ਦੇ ਖਿਲਾਫ ਸੰਸਦ ਵਿੱਚ ਕੀਤੀਆਂ ਟਿੱਪਣੀਆਂ ਦੇ ਰੋਸ ਵਜੋਂ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦਰੋਪਤੀ ਮੁਰਮੂ ਦੇ ਨਾਮ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨੂੰ ਸ਼ਿਕਾਇਤ ਪੱਤਰ ਦਿੱਤਾ ਗਿਆ ਜਿਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਖਿਲਾਫ਼ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦੇ ਕੀਤੇ ਅਪਮਾਨ ਨੂੰ ਲੈ ਕੇ ਬਣਦੀ ਕਾਨੂੰਨੀ ਕਾਰਵਾਈ ਕਰਨ ਅਤੇ ਉਨ੍ਹਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰਨ ਸਬੰਧੀ ਮੰਗ ਕੀਤੀ ਗਈ ਙ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਅਤੇ ਜਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ ਨੇ ਦੱਸਿਆ ਕਿ ਮਾਨਯੋਗ ਰਾਸ਼ਟਰਪਤੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਹਾਲ ਹੀ ਵਿੱਚ ਸਰਦ ਰੁੱਤ ਇਜਲਾਸ ਦੌਰਾਨ ਸੰਸਦ ਵਿੱਚ ਆਪਣੇ ਬਿਆਨ ਰਾਹੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਭਾਰਤੀ ਸੰਵਿਧਾਨ ਦੇ ਮੂਲ ਨਿਰਮਾਤਾ ਅਤੇ ਕਰੋੜਾਂ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੇ ਮਸੀਹਾ, ਪ੍ਰੇਰਨਾ ਅਤੇ ਮੁਕਤੀਦਾਤਾ ਡਾ ਅੰਬੇਡਕਰ ਜੀ ਪ੍ਰਤੀ ਮੰਦਭਾਗੇ ਅਤੇ ਮਜ਼ਾਕੀਆ ਸ਼ਬਦ ਵਰਤੇ ਗਏ ਹਨ। ਉਹਨਾ ਕਿਹਾ ਕਿ ਇਹ ਨਾ ਸਿਰਫ਼ ਮੰਦਭਾਗੀ ਭਾਸ਼ਾ ਹੈ, ਸਗੋਂ ਬਾਬਾ ਸਾਹਿਬ ਪ੍ਰਤੀ ਡੂੰਘੀ ਅਸੰਵੇਦਨਸ਼ੀਲਤਾ ਅਤੇ



ਜਾਤੀਵਾਦੀ ਮਾਨਸਿਕਤਾ ਨੂੰ ਵੀ ਦਰਸਾਉਂਦਾ ਹੈ। ਇਸ ਕਾਰਨ ਬੇਗਮਪੁਰਾ ਟਾਈਗਰ ਫੋਰਸ ਅਤੇ ਭਾਰਤ ਭਰ ਦੇ ਅੰਬੇਡਕਰਵਾਦੀ ਵਿਅਕਤੀ ਦੇ ਸਵੈ-ਮਾਣ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਇਸ ਸਬੰਧੀ ਸਮਾਜ ਦੇ ਹਰ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਸੰਵਿਧਾਨ ਦੀ ਰਚਨਾ ਕਰਨ ਵਾਲੇ ਅਤੇ ਦੇਸ਼ ਨੂੰ ਲੋਕਤਾਂਤਰਿਕ ਕਦਰਾਂ-ਕੀਮਤਾਂ ਦੀਆਂ ਲੀਹਾਂ ਤੇ ਤੋਰਨ ਵਾਲੇ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ ਇਸ ਤਰ੍ਹਾਂ ਦਾ ਅਪਮਾਨ ਅਤੇ ਨਿਰਾਦਰ ਲੋਕਾਂ ਨੂੰ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਹੈ। ਉਹਨਾ ਕਿਹਾ ਕਿ ਸੰਵਿਧਾਨਿਕ ਕਦਰਾਂ ਕੀਮਤਾਂ ਦੀ ਰਾਖੀ ਲਈ ਤੇ ਸਮਾਜ ਦੇ ਵਡੇਰੇ ਹਿੱਤਾਂ ਦੀ ਰਾਖੀ ਲਈ ਅਸੀਂ ਬੇਗਮਪੁਰਾ ਟਾਈਗਰ ਫੋਰਸ ਵੱਲੋਂ ਮੰਗ ਕਰਦੇ ਹਾਂ ਕਿ ਸੰਵਿਧਾਨ ਦੇ ਰਚਾਇਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਸ਼ਾਨ ਦੇ ਖਿਲਾਫ਼ ਅਪਸ਼ਬਦ ਬੋਲ ਕੇ ਉਨ੍ਹਾਂ ਦੀ ਸੰਵਿਧਾਨਿਕ ਪਦਵੀ ਦਾ ਅਪਮਾਨ ਕਰਨ ਵਾਲੇ ਮੱਨੂਵਾਦੀ ਸੋਚ ਦੇ ਧਾਰਨੀ ਭਾਰਤ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਹਾਲੇ ਵੀ ਆਪਣੇ ਅਹੁਦੇ ਤੇ ਬਣੇ ਰਹਿਣਾ ਭਾਰਤੀ ਸੰਵਿਧਾਨ ਅਤੇ ਦੇਸ਼ ਦੀ ਗਣਤੰਤਰਤਾ ਦੀ ਭਾਵਨਾ ਦੇ ਉਲਟ ਹੈ ਇਸ ਲਈ ਉਹਨਾਂ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਉਹਨਾਂ ਨੂੰ ਦੇਸ਼ ਦੇ ਸੰਵਿਧਾਨਿਕ ਅਹੁਦੇ ਤੋਂ ਬਰਖਾਸਤ ਕੀਤਾ ਜਾਵੇ ਙ ਬੇਗਮਪੁਰਾ ਟਾਈਗਰ ਫੋਰਸ ਨੇ ਮਾਨਯੋਗ ਰਾਸ਼ਟਰਪਤੀ ਪਾਸੋਂ ਆਸ ਪ੍ਰਗਟ ਕੀਤੀ ਕਿ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰਾਖੀ ਕਰਦੇ ਹੋਏ ਇਸ ਗੰਭੀਰ ਮਾਮਲੇ ਨੂੰ ਤਵੱਜੋ ਦਿੰਦੇ ਹੋਏ ਢੁਕਵੇਂ ਕਦਮ ਉਠਾ ਕੇ ਦੇਸ਼ ਵਿੱਚ ਬਲ਼ ਰਹੀ ਰੋਹ ਦੀ ਜਵਾਲਾ ਨੂੰ ਸ਼ਾਂਤ ਕਰਨ ਵਿੱਚ ਆਪਣਾ ਯੋਗਦਾਨ ਦੇਣਗੇ ਙ ਇਸ ਮੌਕੇ ਹੋਰਨਾਂ ਤੋ ਇਲਾਵਾ ਰਵੀ ਸੁੰਦਰ ਨਗਰ, ਸਾਬੀ ਸੁੰਦਰ ਨਗਰ,ਜਿਲ੍ਹਾ ਸਕੱਤਰ ਪ੍ਰਿੰਸ ਨਾਰਾ, ਅਮਨਦੀਪ, ਅਨਿਲ ਕੁਮਾਰ ਬੰਟੀ ਬਲਾਕ ਪ੍ਰਧਾਨ ਹਰਿਆਣਾ,ਸਤੀਸ਼ ਕੁਮਾਰ, ਮੋਹਿਤ ਕੁਮਾਰ ਨਾਰਾ,ਰੋਹਿਤ ਕੁਮਾਰ ਬੱਧਣ ਆਦਿ ਹਾਜ਼ਰ ਸਨ !







Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com